ਰਿਜਨਲ ਕੌਂਸਲਰ, ਵਾਰਡ 9 ਅਤੇ 10
22 ਅਕਤੂਬਰ ਨੂੰ ਚੁਣੋ

# ਗੁਰਪ੍ਰੀਤ ਸਿੰਘ ਢਿੱਲੋਂ

ਪਰਖੀ ਹੋਈ ਲੀਡਰਸ਼ਿਪ

## ਗੁਰਪ੍ਰੀਤ ਸਿੰਘ ਢਿੱਲੋਂ ਦਾ ਬਰੈਂਪਟਨ ਲਈ 5-ਨੁਕਾਤੀ ਪ੍ਰੋਗਰਾਮ

### 1. ਟੈਕਸ ਵਿਚ ਘੱਟ ਤੋਂ ਘੱਟ ਵਾਧਾ

ਟੈਕਸ ਦੇ ਰੈਵਨਿਊ ਦਾ ਜ਼ਿਆਦਾ ਹਿੱਸਾ ਸਟਾਫ਼ ਦੀਆਂ ਤਨਖਾਹਾਂ ਵਿਚ ਜਾਣ ਕਰਕੇ, ਘੱਟ ਅਫ਼ਸਰਸ਼ਾਹੀ ਵਾਲੀ ਸਰਕਾਰ ਦੀ ਲੋੜ ਹੈ। ਇਸ ਵਿਚ ਫ਼ਜ਼ੂਲ ਖਰਚਿਆਂ ਨੂੰ ਘਟਾਉਣਾ, ਤਨਖ਼ਾਹਾਂ ਨੂੰ ਰੋਕਣਾ, ਅਤੇ ਜ਼ਿਆਦਾ ਬਿਜ਼ਨਿਸ ਅਤੇ ਇੰਡਸਟਰੀ ਰਾਹੀਂ ਸੰਤੁਲਿਤ ਟੈਕਸ ਆਧਾਰ ਤਿਆਰ ਕਰਨਾ।

### 2. ਟਰਾਂਜਿਟ

ਬਰੈਂਪਟਨ ਰਿਜ਼ਨਲੀ ਜੁੜਿਆ ਹੋਇਆ ਸ਼ਹਿਰ ਹੋਣਾ ਚਾਹੀਦਾ ਹੈ। ਹੋਰਨਟਾਰੀਓ-ਮੇਨ LRT, ਏਅਰਪੋਰਟ ਜ਼ੂਮ ਨੂੰ ਪੀਅਰਸਨ ਏਅਰਪੋਰਟ ਨਾਲ ਜੋੜਨਾ, ਗੋ-ਟਰੇਨ ਸਰਵਿਸ ਦਾ ਸਾਰਾ ਦਿਨ ਚੱਲਣਾ ਅਤੇ ਸੀਨੀਅਰਜ਼ ਤੇ ਵਿਦਿਆਰਥੀਆਂ ਲਈ ਕਿਰਾਏ ਵਿਚ ਕਟੌਤੀ, ਪਹਿਲੀ ਪਹਿਲ ਹੋਵੇਗੀ।

### 3. ਕਮਿਊਨਿਟੀ ਸੁਰੱਖਿਆ

ਕਿਉਂਕਿ ਸ਼ਹਿਰ ਦਾ ਨਿਰੰਤਰ ਵਾਧਾ ਹੋ ਰਿਹਾ ਹੈ, ਇਸਨੂੰ ਇਸ ਅਨੁਸਾਰ ਹੀ ਢੱਲਣਾ ਚਾਹੀਦਾ ਹੈ। ਇਸ ਲਈ ਨਵੀਆਂ ਪਾਲਸੀਆਂ, ਪੈਟਰੋਲਿੰਗ ਵਿਚ ਵਾਧਾ, ਰਿਸਪਾਂਸ ਟਾਈਮ ਵਿਚ ਤੇਜ਼ੀ ਅਤੇ ਰਿਜ਼ਨ ਵਿਚ ਅਵਾਜ਼ ਉਠਾਉਣ ਵਾਲੇ ਪ੍ਰਤੀਨਿੱਧ ਦੀ ਲੋੜ ਹੈ।

### 4. ਵਿਭਿੰਨਤਾ

ਅੱਗੇ ਵੱਧਣ ਲਈ, ਸਿਟੀ ਦੀਆਂ ਪ੍ਰੀਕਿਰਿਆਵਾਂ ਅਤੇ ਹਾਇਰਿੰਗ ਪ੍ਰੀਕਿਰਿਆ ਦਾ ਸਹੀ, ਸੰਮਿਲਤ ਅਤੇ ਬਰਾਬਰੀ ਵਾਲੀ ਹੋਣਾ ਜਿਸ ਵਿਚ ਕਿਸੇ ਦੀ ਉਮਰ, ਮੂਲ-ਅਧਾਰ, ਸਮਾਜਿਕ-ਆਰਥਿਕ ਹਾਲਾਤ ਜਾਂ ਯੋਗਤਾ ਵੀ ਸ਼ਾਮਲ ਹੈ, ਲਈ ਵਿਭਿੰਨਤਾ ਵਾਲੇ ਆਡਿਟ ਦੀ ਲੋੜ ਹੈ।

### 5. ਸਮਾਰਟ ਪਲੈਨਿੰਗ

ਪੂਰਨ ਵਾਧੇ ਵਿਚ ਸਿਰਫ਼ 20 ਸਾਲ ਰਹਿਣ ਕਰਕੇ, ਬਰੈਂਪਟਨ ਦੀਆਂ ਵੇਲਾ-ਵਿਹਾ ਚੁੱਕੀਆਂ ਪਲੈਨਿੰਗ ਪ੍ਰੀਕਿਰਿਆਵਾਂ ਨੂੰ ਸੋਧਣ ਦੀ ਅਤਿਅੰਤ ਲੋੜ ਹੈ। ਸਿਟੀ ਨੂੰ ਕਮਿਊਨਿਟੀਜ਼ ਦੀ ਸਾਂਝੀ ਵਰਤੋਂ, ਜ਼ਿਆਦਾ ਰੋਜ਼ਗਾਰ ਵਾਲੀ ਲੈਂਡ ਅਤੇ ਟਰੈਫਿਕ ਦੀ ਸਮੱਸਿਆ ਨੂੰ ਘਟਾਉਣ ਵੱਲ ਧਿਆਨ ਦੇਣ ਦੀ ਲੋੜ ਹੈ।

- ਨੌਕਰੀਆਂ ਪੈਦਾ ਕਰਨ ਵਾਲੇ
- ਯੂਨੀਵਰਸਿਟੀ ਦੀ ਮਨਜ਼ੂਰੀ
- ਜੁਰਮ ਘਟਾਉਣ ਲਈ ਪਹਿਲ-ਕਦਮੀ
- ਟੈਕਸ-ਦਰਾਂ ਦੀ ਸੁਰੱਖਿਆ
- LRT ਲਈ ਜੱਦੋ-ਜਹਿਦ
- ਟੈਕਸੀ ਇੰਡਸਟਰੀ ਦੇ ਹੱਕ ਵਿਚ ਖੜੇ ਹੋਣ ਵਾਲੇ



gurpreetsinghdhillon.com | info@gurpreetsinghdhillon.com | 905-781-1010 | @gurpreetbrampton | @gurpreetdhillon

RE-ELECT LINDA JEFFREY

TOGETHER WE CAN DO MORE

**Election Day:** Monday, October 22, 10:00am - 8:00pm

**Advance Voting:** October 2 - 13



- ✓ Safer community
- ✓ Attract and create jobs
- ✓ Improve Transit and fight gridlock

**For more information:**

info@lindajeffrey.ca
www.lindajeffrey.ca
Facebook.com/BramptonLinda
@LindaJeffrey
Volunteering: LindaJeffrey.ca
289-201-0609

# ਵਾਰਡ 7, 8 ਤੋਂ


ਹਰਮਨ-ਪਿਆਰੇ ਮਾਰਟਿਨ ਸਿੰਘ ਨੂੰ ਚੁਣੋ

*Elect*
Martin Singh ☒
for City Councillor



**Contact Us**
martin@martinsingh.ca 416-937-4166
www.yourbramptonteam.com

- ਮਾਰਟਿਨ ਸਿੰਘ ਨੇ ਡਲਹੌਜ਼ੀ ਯੂਨੀਵਰਸਿਟੀ ਤੋਂ ਕਮਿਸਟਰੀ, ਕੈਮੀਕਲ ਇੰਜਨੀਅਰਿੰਗ ਅਤੇ ਫਾਰਮੇਸੀ ਦੇ ਵਿਸ਼ਿਆਂ ਵਿੱਚ ਡਿਗਰੀਆਂ ਹਾਸਲ ਕੀਤੀਆਂ ਇਸ ਤੋਂ ਇਲਾਵਾ, ਮਾਰਟਿਨ ਨੇ ਸੇਂਟ ਮੇਰੀ ਯੂਨੀਵਰਸਿਟੀ ਤੋਂ ਐਮ.ਬੀ.ਏ ਦੀ ਡਿਗਰੀ ਵੀ ਕੀਤੀ ।
- ਮਾਰਟਿਨ ਸਿੰਘ ਜਨਤਕ ਟੈਕਸ ਦੇ ਸਦਉਪਯੋਗ ਦੇ ਪੱਕੇ ਹਾਮੀ ਹਨ। ਉਹ ਜਨਤਕ ਧਨ ਨੂੰ ਜਨਤਾ ਦੀ ਭਲਾਈ, ਬ੍ਰੈਂਪਟਨ ਦੇ ਵਿਕਾਸ ਅਤੇ ਕਾਰੋਬਾਰੀ ਖੇਤਰਾਂ ਵਿੱਚ ਇਮਾਨਦਾਰੀ ਨਾਲ ਲਗਾਉਣ ਦੇ ਹਾਮੀ ਹਨ। ਮਾਰਟਿਨ ਸਿੰਘ ਬ੍ਰੇਪਟਨ ਨਿਵਾਸੀਆਂ ਨੂੰ ਵਧੀਆ ਰੋਜ਼ਗਾਰ ਵਧੀਆ ਮਿਆਰੀ ਜੀਵਨ ਅਤੇ ਸੁਰੱਖਿਆ ਮੁੱਹਈਆ ਕਰਨ ਦੇ ਮੁੱਦਈ ਹਨ।
- ਮਾਰਟਿਨ ਸਿੰਘ ਇੱਕ ਅਜਿਹੀ ਬਹੁ-ਪੱਖੀ ਸ਼ਖਸੀਅਤ ਹਨ ਕਿ ਆਪਣੇ ਕਿਤੇ ਕਾਰੋਬਾਰ, ਸਮਾਜ ਸੇਵਾ, ਰਾਜਨੀਤੀ ਤੋ ਇਲਾਵਾ ਦੇਸ਼ ਦੀ ਸੁਰੱਖਿਆ ਪ੍ਰਤੀ ਪੂਰੀ ਸਿੱਦਤ ਨਾਲ ਸਮਰਪਿਤ ਹਨ। ਕੈਨੇਡੀਅਨ ਆਰਮਡ ਫੌਜ਼ ਰਿਜ਼ਰਵ ਵਿੱਚ ਕੈਪਟਨ ਦੀਆਂ ਸੇਵਾਂਵਾਂ ਨਿਭਾ ਚੁੱਕੇ ਹਨ ਅਤੇ ਹੁਣ ਬ੍ਰੈਪਟਨ ਵਿੱਚ ਸਥਿਤ 557 ਲਾਰਨ ਸਕਾਟਜ਼ ਰੌਯਲ ਕੈਨੇਡੀਅਨ ਆਰਮੀ ਕਡੇਟ ਕੋਰ ਵਿੱਚ ਆਰਮੀ ਅਫਸਰ ਵਜ਼ੋ ਆਪਣੀਆਂ ਸੇਵਾਵਾਂ ਦੇ ਰਹੇ ਹਨ।




Martin Singh for City Councillor

VOTE
# Rohit Sidhu ☑
## City Councillor Wards 9&10



"Brampton is my home – I was born in the GTA, raised and educated in Brampton. I have years of experience as an insurance broker and an Honours Political Science degree from the University of Ottawa. I understand the issues that all demographics face – our youth, our families, and our seniors. My goal is to provide the residents of Brampton with fair taxation, responsible spending, and full transparency from City Hall." - Rohit Sidhu.

- Freeze property taxes.
- Advocate for insurance reform.
- Reduce traffic gridlock & create effective means of transportation.
- Demand increased health-care spending and plan for a new hospital to be built in Brampton.
- Improve community safety & awareness - work to end the rise in violence.

| www.rohitsidhu.com | 416-999-1300 |

**ELECTION DAY: OCTOBER 22, 2018**
ADVANCE POLLS: SATURDAY OCTOBER 6 & 13
(Brampton Soccer Centre & Gore Meadows Community Centre)




"I live in downtown Brampton near Gage Park with my wife Genevieve. My family has been in Brampton for decades. We love our City but crime is out of control, taxes are at a record high, traffic is a mess and we lack good local jobs. We need resolve and action on the serious issues that challenge our city. It's time we get Brampton back on track!"

Patrick Brown

VOTE
OCT
22
10 am › 8 pm

- Combat Crime ✓
- Less Congestion ✓
- Freeze City Taxes ✓
- More Jobs ✓
- More Affordable Housing ✓
- Free Seniors Transit ✓
- Better Healthcare ✓
- Better Dental Care ✓
- World Class Stadium ✓

# ਵਾਰਡ 7 ਤੇ 8 ਸਿਟੀ ਕੌਂਸਲਰ ਲਈ ਉਮੀਦਵਾਰ ਹਰਵੀਨ ਧਾਲੀਵਾਲ ਨੂੰ ਮਿਲ ਰਿਹਾ ਹਰ ਵਰਗ ਦਾ ਸਮਰਥਨ







- LRT & Transit
- University
- Local Job Creation
- Our Senior Community
- Creating Better Neighbourhoods for our Families and Friends.
- Improve our Parks and Recreational Facilities

Educational Background:
Bachelor of Arts at University of Toronto
Masters in Public Administration at Pace University, New York

VISIT US AT OUR CAMPAIGN OFFICE
260 Queen Street East, Brampton ON L6V 1B9
Campaign Office: 437-235-1708 Cell: 647-999-4432
E : electharveendhaliwal@gmail.com
W : www.harveendhaliwal.com • f : HarveenDhaliwal

Working Together For A Better Future....
ON OCTOBER 22ND ELECT HARVEEN DHALIWAL


















ਬ੍ਰੈਂਪਟਨ ਦੀ ਮਸ਼ਹੂਰ ਲਾਅ ਫਰਮ ਪੀ ਡੀ ਸੀ ਦੇ ਪਾਲ ਧਾਲੀਵਾਲ ਅਤੇ ਪੂਰੀ ਟੀਮ, ਏਰਪੋਰਟ ਲੀਮੋਜ਼ੀਨ ਅਤੇ ਟੈਕਸੀ ਚਾਲਕ, ਨਿਊ ਮਿਲੀਨਿਅਮ ਟਾਇਰ ਸੈਂਟਰ ਅਤੇ ਟਰੱਕ ਸੇਲ ਸੈਂਟਰ, ਵੱਖ-ਵੱਖ ਸਿਨੀਅਰਜ ਅਤੇ ਸਪੋਰਟਸ ਕਲਬ ਅਤੇ ਰੀਜ਼ਨਲ ਕੌਂਸਲਰ ਲਈ ਉਮੀਦਵਾਰ ਪੈਟ ਫੋਰਟੀਨੀ ਨਾਲ ਕੈਂਪੇਨ ਦੀਆਂ ਕੁੱਝ ਤਸਵੀਰਾਂ

## ਅੱਜ ਨਾਮਾ

ਰਾਜਸਥਾਨ ਤੋਂ ਮਿਲੀ ਹੈ ਖਬਰ ਕਹਿੰਦੀ,
ਦਿੱਸਦੇ ਭਾਜਪਾ ਦੇ ਲੱਗਦੇ ਪੈਰ ਹੈ ਨਹੀਂ।
ਮੋਦੀ ਜਾਂਦਾ ਤਾਂ ਭਾਸ਼ਣ ਜਿਹਾ ਕਰੀ ਜਾਂਦਾ,
ਮੈਂ ਹਾਂ ਤੁਸਾਂ ਦਾ ਜੀ, ਕੋਈ ਗੈਰ ਹੈ ਨਹੀਂ।
ਹੇਠੋਂ ਨਾਅਰਾ ਇਹ ਚੁੱਕਦੇ ਭਾਜਪਾਈਏ,
ਸਾਡਾ ਮੋਦੀ ਜੀ ਨਾਲ ਤਾਂ ਵੈਰ ਹੈ ਨਹੀਂ।
ਜਦ ਬਈ ਵਿੰਹਦੇ ਆ ਬੀਬੀ ਵਸੁੰਧਰਾ ਨੂੰ,
ਉਹੀ ਕਹਿਣ ਲੱਗਦੇ, ਤੇਰੀ ਖੈਰ ਹੈ ਨਹੀਂ।
ਜਿੰਦਾਂ ਰਾਣੀ ਦੇ ਜੜ੍ਹੀਂ ਪਏ ਟੱਕ ਲਾਉਂਦੇ,
ਖੁਦ ਹੀ ਭਾਜਪਾ ਦੇ ਆਗੂ ਜਾਪ ਰਹੇ ਈ।
ਓਥੇ ਸਿੱਟੇ ਵੀ ਅੰਤ ਵਿੱਚ ਆਉਣਗੇ ਕੀ,
ਲੱਛਣ ਬਾਹਲੇ ਅਗੇਤੇ ਹੀ ਝਾਕ ਰਹੇ ਈ।

ਤੀਸ ਮਾਰ ਖਾਂ

# ਅਮਰੀਕਾ ਦਾ ਦਾਅਵਾ: ਪੱਤਰਕਾਰ ਖਾਸ਼ੋਗੀ ਦੀ ਗੁੰਮਸ਼ੁਦਗੀ ਦੀ ਜਾਂਚ ਲਈ ਸਾਊਦੀ ਅਰਬ ਮੰਨ ਗਿਆ

ਰਿਆਧ, 16 ਅਕਤੂਬਰ, (ਪੋਸਟ ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਅੱਜ ਸਾਊਦੀ ਅਰਬ ਦੇ ਬਾਦਸ਼ਾਹ ਸਲਮਾਨ ਨਾਲ ਗੱਲਬਾਤ ਕੀਤੀ ਤੇ ਉਸ ਕੋਲੋਂ ਸਾਊਦੀ ਅਰਬ ਮੂਲ ਦੇ ਅਮਰੀਕੀ ਪੱਤਰਕਾਰ ਜਮਾਲ ਖਾਸ਼ੋਗੀ ਦੀ ਗੁੰਮਸ਼ੁਦਗੀ ਬਾਰੇ ਕੁਝ ਸਵਾਲਾਂ ਦੇ ਜਵਾਬ ਮੰਗੇ। ਇਸ ਸੰਬੰਧ ਵਿੱਚ ਅਮਰੀਕਾ ਨੇ ਦਾਅਵਾ ਕੀਤਾ ਕਿ ਸਾਊਦੀ ਅਰਬ ਨੇ ਇਸ ਪੂਰੇ ਮਾਮਲੇ ਦੀ 'ਬਾਰੀਕੀ' ਨਾਲ ਜਾਂਚ ਕਰਾਉਣ ਦੀ ਸਹਿਮਤੀ ਦੇ ਦਿੱਤੀ ਹੈ। ਵਰਨਣ ਯੋਗ ਹੈ ਕਿ ਅਮਰੀਕਾ ਤੇ ਸਾਊਦੀ ਅਰਬ ਵਿਚਾਲੇ ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ ਜਦੋਂ ਅਮਰੀਕੀ ਮੀਡੀਆ 'ਚ ਅਜਿਹੀਆਂ ਰਿਪੋਰਟਾਂ ਹਨ ਕਿ ਸਾਊਦੀ ਅਰਬ ਦੀ ਸਰਕਾਰ ਇਹ ਗੱਲ ਮੰਨਣ 'ਤੇ ਵਿਚਾਰ ਕਰ ਰਹੀ ਹੈ ਕਿ ਪੱਤਰਕਾਰ ਖਾਸ਼ੋਗੀ ਸਖ਼ਤੀ ਨਾਲ ਕੀਤੀ ਗਈ ਪੁੱਛਗਿੱਛ ਦੌਰਾਨ ਦਮ ਤੋੜ ਗਿਆ ਸੀ। ਇਸ ਦੌਰਾਨ ਯੂ ਐਨ ਦੇ ਮਨੁੱਖੀ ਹੱਕਾਂ ਬਾਰੇ ਮੁਖੀ ਨੇ ਇਸਤੰਬੁਲ ਵਿਚਲੇ ਸਾਊਦੀ ਅਰਬ ਦੇ ਕੌਂਸਲੇਟ ਦੇ ਅਧਿਕਾਰੀਆਂ ਨੂੰ ਵੀਏਨਾ ਕਨਵੈਨਸ਼ਨ ਤਹਿਤ ਮਿਲੀ ਛੋਟ ਫੌਰੀ ਵਾਪਸ ਲੈਣ ਦੀ ਵਕਾਲਤ ਕੀਤੀ ਹੈ। 'ਵਾਸ਼ਿੰਗਟਨ ਪੋਸਟ' ਲਈ ਕੰਮ ਕਰਦਾ ਪੱਤਰਕਾਰ ਖਾਸ਼ੋਗੀ ਆਪਣੇ ਨਿਕਾਹ ਦੇ ਦਸਤਾਵੇਜ਼ ਪੂਰੇ ਕਰਨ ਲਈ 2 ਅਕਤੂਬਰ ਨੂੰ ਇਸਤੰਬੁਲ ਵਿਚਾਲੇ ਸਾਊਦੀ ਅਰਬ ਦੇ ਦੂਤਘਰ ਗਿਆ ਸੀ ਤੇ ਉਸ ਪਿੱਛੋਂ ਉਹ ਵਿਵਾਦਿਤ ਹਾਲਾਤ ਵਿੱਚ ਗਾਇਬ ਹੋ ਗਿਆ ਸੀ। ਅਮਰੀਕੀ



ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖਾਸ਼ੋਗੀ ਦੀ ਗੁੰਮਸ਼ੁਦਗੀ ਲਈ ਗੁੰਡਾ ਅਨਸਰਾਂ ਨੂੰ ਜ਼ਿੰਮੇਵਾਰ ਦੱਸਿਆ ਸੀ ਤੇ ਅਮਰੀਕੀ ਵਿਦੇਸ਼ ਮੰਤਰੀ ਨੇ ਟਰੰਪ ਦੇ ਕਹਿਣ ਉੱਤੇ ਅੱਜ ਰਿਆਧ ਜਾ ਕੇ ਸਾਊਦੀ ਅਰਬ ਦੇ ਵਿਦੇਸ਼ ਮੰਤਰੀ ਆਦਿਲ ਅਲ ਜੁਬੇਰ ਸਮੇਤ ਹੋਰਨਾਂ ਆਗੂਆਂ ਨਾਲ ਮੁਲਾਕਾਤ ਕੀਤੀ ਸੀ। ਇਸ ਤੋਂ ਇੱਕ ਦਿਨ ਪਹਿਲਾਂ ਸਾਊਦੀ ਅਰਬ ਸਰਕਾਰ ਨੇ ਤੁਰਕੀ ਦੇ ਜਾਂਚਕਾਰਾਂ ਨੂੰ ਆਪਣੇ ਕੌਂਸਲੇਟ ਦੀ ਤਲਾਸ਼ੀ ਲੈਣ ਤੋਂ ਰੋਕ ਦਿੱਤਾ ਸੀ, ਪਰ ਜਾਂਚਕਾਰਾਂ ਨੇ ਫਿਰ ਮੰਗਲਵਾਰ ਸਵੇਰੇ ਲਗਪਗ ਅੱਠ ਘੱਟੇ ਚੱਲੀ ਤਲਾਸ਼ੀ ਮੁਹਿੰਮ ਦੌਰਾਨ ਕੌਂਸਲੇਟ ਦੇ ਬਗੀਚੇ ਦੀ ਮਿੱਟੀ ਸਮੇਤ ਹੋਰ ਕਈ ਨਮੂਨੇ ਲੈ ਲਏ ਸਨ।


# ਮਿਸੀਸਾਗਾ ਵਾਰਡ ਪੰਜ ਤੋਂ ਸਕੂਲ ਟਰੱਸਟੀ ਉਮੀਦਵਾਰ ਅਵਤਾਰ ਘੋਤਰਾ ਦੀ ਜਿੱਤ ਯਕੀਨੀ

ਮਿਸੀਸਾਗਾ, 16 ਅਕਤੂਬਰ (ਪੋਸਟ ਬਿਊਰੋ)- ਮਿਸੀਸਾਗਾ ਦੀ ਵਾਰਡ ਪੰਜ ਤੋਂ ਪੰਜਾਬੀ ਭਾਈਚਾਰੇ ਦੀ ਪ੍ਰਸਿੱਧ ਤੇ ਜਾਣੀ ਪਹਿਚਾਣੀ ਸਖ਼ਸੀਅਤ ਅਵਤਾਰ ਘੋਤਰਾ ਸਕੂਲ ਟਰੱਸਟੀ ਲਈ ਉਮੀਦਵਾਰ ਹਨ। ਇਹ ਲੰਮੇ ਸਮੇਂ ਤੋਂ ਮਾਲਟਨ ਵਿਖੇ ਰਹਿ ਰਹੇ ਹਨ ਤੇ ਇਹ ਮੌਰਨਿੰਗ ਸਟਾਰ ਮਿਡਲ ਸਕੂਲ ਵਿਖੇ ਕੌਂਸਲ ਦੇ ਕੋ-ਚੇਅਰ ਵੀ ਹਨ। ਇਥੇ ਇਨ੍ਹਾਂ ਨੇ ਲੰਮੇ ਸਮੇ ਤੋਂ ਨਵੇਂ ਆਉਣ ਵਾਲੇ ਪ੍ਰਵਾਸੀਆਂ ਨੂੰ ਗਾਈਡ ਕਰਕੇ ਇਥੋਂ ਦੇ ਸਕੂਲ ਸਿਸਟਮ ਬਾਰੇ ਜਾਣੂ ਕਰਵਾਇਆ, ਉਸ ਦੇ ਨਾਲ-ਨਾਲ ਇਥੋਂ ਦੇ ਬੱਚਿਆਂ ਦੇ ਮੁੱਦਿਆਂ ਨੂੰ ਵੀ ਇਹ ਸਮਝਦੇ ਹਨ। ਅਵਤਾਰ



ਘੋਤਰਾ ਜਾਰਜ ਬ੍ਰਾਊਨ ਕਾਲਜ, ਟੋਰਾਂਟੋ ਤੋਂ ਪੜ੍ਹੇ ਹੋਏ ਹਨ ਤੇ ਹੁਣ ਇਕ ਪ੍ਰਾਈਵੇਟ ਕਾਲਜ ਵਿਚ ਆਨ ਕਾਲ ਟੀਚਰ ਵੀ ਹਨ। ਇਨ੍ਹਾਂ ਵਲੋਂ ਸਟੂਡੈਂਟ ਕੌਂਸਲਿੰਗ ਰਾਹੀਂ ਅਨੇਕਾਂ ਬੱਚਿਆਂ ਦੇ ਭਵਿੱਖ ਨੂੰ ਸਵਾਰਿਆ ਗਿਆ ਹੈ ਤੇ ਵਾਰਡ ਪੰਜ ਮਾਲਟਨ ਤੇ ਮੇਵਿਸ ਇਗਲਿੰਟਨ ਦਾ ਏਰੀਆ ਪੈਂਦਾ ਹੈ। ਜ਼ਿਆਦਾ ਜਾਣਕਾਰੀ ਲਈ ਅਵਤਾਰ ਘੋਤਰਾ ਨਾਲ ਫ਼ੋਨ ਨੰਬਰ 647-622-7047 ਜਾਂ ਫੇਰ ਅਵਟਅਰਗੋਟਰਅ।ਚਅ ਉਤੇ ਸੰਪਰਕ ਕੀਤਾ ਜਾ ਸਕਦਾ ਹੈ। ਯਾਦ ਰਹੇ ਕਿ ਇਹ ਵੋਟਾਂ 22 ਅਕਤੂਬਰ ਨੂੰ ਪੈਣ ਜਾ ਰਹੀਆਂ ਹਨ ਤੇ ਸਵੇਰੇ 10 ਵਜੇ ਤੋਂ ਸ਼ਾਮ 8 ਵਜੇ ਤੱਕ ਸਾਰੇ ਸਕੂਲਾਂ ਵਿਚ ਇਹ ਵੋਟਾਂ ਪੈਣਗੀਆਂ। ਇਨ੍ਹਾਂ ਵੋਟਾਂ ਦੌਰਾਨ ਜਿਥੇ ਤੁਸੀਂ ਮੇਅਰ, ਕੌਂਸਲਰ ਤੇ ਸਕੂਲ ਟਰੱਸਟੀ ਦੀ ਚੋਣ ਕਰਨੀ ਹੈ।

# ਵਾਰਡ ਨੰ. 3-4 ਤੋਂ ਉਮੀਦਵਾਰ ਪ੍ਰਭਜੋਤ ਕੈਂਥ ਪ੍ਰਚਾਰ ਦੌਰਾਨ ਆਪਣੇ ਸਮਰਥਕਾਂ ਨਾਲ









# ਟਰੰਪ ਦੇ ਖਿਲਾਫ ਪੋਰਨ ਸਟਾਰ ਦਾ ਮੁਕੱਦਮਾ ਫੈਡਰਲ ਕੋਰਟ ਵੱਲੋਂ ਰੱਦ

ਵਾਸ਼ਿੰਗਟਨ, 16 ਅਕਤੂਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਪੋਰਨ ਸਟਾਰ ਸਟਾਰਮੀ ਡੈਨੀਅਲਸ ਦਾ ਮਾਣਹਾਨੀ ਦਾ ਮੁਕੱਦਮਾ ਫੈਡਰਲ ਕੋਰਟ ਨੇ ਰੱਦ ਕਰ ਦਿੱਤਾ ਹੈ।



ਮੀਡੀਆ ਰਿਪੋਰਟਾਂ ਦੇ ਮੁਤਾਬਕ ਸਟਾਰਮੀ ਡੈਨੀਅਲਸ ਨੇ ਬੀਤੇ ਅਪ੍ਰੈਲ ਵਿੱਚ ਟਰੰਪ ਦੇ ਟਵੀਟ ਤੋਂ ਬਾਅਦ ਉਸ ਉਤੇ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਸੀ। ਇਸ ਟਵੀਟ 'ਚ ਟਰੰਪ ਨੇ ਕਿਹਾ ਸੀ ਕਿ ਇਕ ਸ਼ਖਸ ਵੱਲੋਂ ਉਨ੍ਹਾਂ ਨੂੰ ਡੈਨੀਅਲਸ ਨੂੰ ਧਮਕਾਏ ਜਾਣ ਦੀ ਕਹਾਣੀ ਨੂੰ ਟਰੰਪ ਦੇ ਨਾਲ ਅਫੇਅਰ ਨਾਲ ਪਚਾਇਆ ਨਹੀਂ ਜਾ ਸਕਦਾ। ਇਸ ਉਤੇ ਡੈਨੀਅਲਸ ਨੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਸੀ ਕਿ ਟਰੰਪ ਦੇ ਬਿਆਨ ਝੂਠੇ ਅਤੇ ਬਦਨਾਮ ਕਰਨ ਵਾਲੇ ਹਨ।

ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਗੱਲ ਨੂੰ ਮੰਨ ਚੁੱਕੇ ਹਨ ਕਿ ਉਨ੍ਹਾਂ ਨੇ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪੋਰਨ ਸਟਾਰ ਸਟਾਰਮੀ ਡੈਨੀਅਲਸ ਨੂੰ ਚੁੱਪ ਰਹਿਣ ਲਈ ਪੈਸੇ ਦਿੱਤੇ ਸਨ। ਰਾਸ਼ਟਰਪਤੀ ਨੇ ਨਿੱਜੀ ਤੌਰ ਉੱਤੇ 1 ਲੱਖ 30 ਹਜ਼ਾਰ ਡਾਲਰ ਦੀ ਰਕਮ ਮਾਈਕਲ ਕੋਹੇਨ ਨੂੰ ਦਿੱਤੀ ਸੀ, ਜਿਹੜੀ ਡੈਨੀਅਲਸ ਨੂੰ ਚੁੱਪ ਰਹਿਣ ਲਈ ਦਿੱਤੀ ਗਈ ਸੀ। ਫੈਡਰਲ ਕੋਰਟ ਵੱਲੋਂ ਫੈਸਲਾ ਸੁਣਾਇਆ ਜਾਣ ਪਿੱਛੋਂ ਟਰੰਪ ਨੇ ਟਵੀਟ ਕਰ ਕੇ ਸਟਾਰਮੀ ਦਾ ਮਾਖੌਲ ਉਡਾਇਆ ਤੇ ਕਿਹਾ ਕਿ ਉਸ ਵੱਲੋਂ ਮੇਰੇ ਉਤੇ ਲਾਏ ਗਏ ਦੋਸ਼ ਝੂਠੇ ਹਨ, ਕਿਉਂਕਿ ਮੈਂ ਕਦੇ ਉਸ ਨਾਲ ਕਿਸੇ ਵੀ ਤਰ੍ਹਾਂ ਦੇ ਸੰਬੰਧ ਹੀ ਨਹੀਂ ਬਣਾਏ। ਟਵੀਟ 'ਚ ਉਨ੍ਹਾਂ ਨੇ ਸਟਾਰਮੀ ਨੂੰ 'ਘੋੜੇ ਮੂੰਹ ਵਾਲੀ' ਕਰਾਰ ਦਿੱਤਾ ਹੈ, ਪਰ ਇਸ ਉੱਤੇ ਸਟਾਰਮੀ ਡੈਨੀਅਲਸ ਨੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635



A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
• ਗਰਦਨ ਦਰਦ • ਸਿਰਦਰਦ • ਕਮਰ ਦਰਦ
• ਡਿਸਕ ਦਾ ਦਰਦ • ਤੁਰਨ ਵੇਲੇ ਲੱਤਾਂ ਵਿੱਚ ਦਰਦ
• ਗੋਡਿਆਂ ਵਿੱਚ ਦਰਦ ਜਾਂ ਸੋਜ • ਪੱਸਲੀਆਂ ਦਾ ਦਰਦ
• ਅੱਡੀਆਂ ਦਾ ਦਰਦ • ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ



REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
Automatic & Manual Trucks
• 1 on 1 Training
Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6



AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ
ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4



# ਸਤਪਾਲ ਜੌਹਲ ਦਾ ਬਰੈਂਪਟਨ ਸਿਟੀ ਦੇ 9-10 ਵਾਰਡ ਤੋਂ ਸਕੂਲ ਟਰੱਸਟੀ ਚੁਣੇ ਜਾਣ ਲਈ ਲੋਕਾਂ ਵਿੱਚ ਚਰਚਾ



(ਬਰੈਂਪਟਨ/ਬਾਸੀ ਹਰਚੰਦ) ਉਘੇ ਪੱਤਰਕਾਰ,ਗਿਆਨਵਾਨ, ਸਮਾਜ ਦੇ ਵੱਖ ਵੱਖ ਵਿਸ਼ਿਆਂ ਤੇ ਡੂਘੀ ਜਾਣਕਾਰੀ ਰੱਖਣ ਵਾਲੇ ਸੱਤਪਾਲ ਸਿੰਘ ਜੌਹਲ ਬਰੈਂਪਟਨ ਸਿਟੀ ਦੇ 9-10 ਵਾਰਡ ਤੋਂ ਸਕੂਲ ਟਰੱਸਟੀ ਚੋਣ ਲੜ ਰਹੇ ਹਨ। ਵੱਖ ਵੱਖ ਵਰਗਾਂ ਦੇ ਆਮੀਆਂ,ਔਰਤਾਂ, ਨੌਜਵਾਨਾਂ ਅਤੇ ਕਮਿਊਨਿਟੀਆਂ ਦੇ ਲੋਕਾਂ ਵੱਲੋਂ ਉਹਨਾਂ ਨੂੰ ਭਾਰੀ ਹਮਾਇਤ ਮਿਲ ਰਹੀ ਹੈ। ਹਰ ਦਿਨ ਨਵੀਂ ਹਮਾਇਤ ਦੀ ਖਬਰ ਮਿਲ ਰਹੀ ਹੈ। ਪਿਛਲੇ ਦਿਨੀਂ ਅਡਵਾਂਸ ਪੋਲਿੰਗ ਸਮੇਂ ਲੋਕਾਂ ਨਾਲ ਗਲ ਬਾਤ ਤੋਂ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਸੀ ਕਿ ਸੱਤਪਾਲ ਜੌਹਲ ਪਹਿਲੀ ਕਤਾਰ ਵਿੱਚ ਸੱਭ ਤੋਂ ਅੱਗੇ ਜਾ ਰਹੇ ਹਨ। ਗੁਰਦੇਵ ਸਿੰਘ ਮਾਨ,ਤਾਰਾ ਸਿੰਘ ਗਰਚਾ,ਨਛੱਤਰ ਸਿੰਘ ਚੌਹਾਨ, ਪੂਰਨ ਸਿੰਘ ਪਾਂਧੀ,ਗੁਰਮੇਲ ਸਿੰਘ ਚੀਮਾ ਆਦਿ ਅਨੇਕਾਂ ਸਮਾਜ ਦੇ ਬੁਧੀਜੀਵੀਆਂ ਨਾਲ ਗੱਲ ਸੰਪਰਕ ਕੀਤਾ ਤਾਂ ਉਹਨਾਂ ਕਿਹਾ ਸਾਡੇ ਸਮਾਜ ਨੂੰ ਸੱਤਪਾਲ ਜੌਹਲ ਵਰਗੇ ਭਰੋਸੇਯੋਗ,ਦਿਆਨਤਦਾਰ ਅਤੇ ਵਦੇਰੇ ਸਮਝ ਸੂਝ ਵਾਲੇ ਸਕੂਲ ਟਰੱਸਟੀ ਚਾਹੀਦੇ ਹਨ ਜਿਹੜੇ ਸਕੂਲਾਂ ਦੀਆਂ ਸਮੱਸਿਆਵਾਂ ਨੂੰ ਚੰਗੀ ਤਰਾਂ ਸਮਝ ਸਕਣ ਅਤੇ ਉਹਨਾਂ ਨੂੰ ਹੱਲ ਕਰਨ ਲਈ ਸਰਗਰਮ ਯੋਗ ਅਗਵਾਈ ਕਰ ਸਕਣ। ਇਹ ਸਮਾਂ ਜਜ਼ਬਾਤੀ ਜਾਂ ਲਿਹਾਜਦਾਰੀਆਂ ਦਾ ਨਹੀਂ ਸਗੋਂ ਆਪਣੇ ਬੱਚਿਆਂ ਦੀ ਸਿਖਿਆ ਅਤੇ ਉਹਨਾਂ ਨੂੰ ਚੰਗੇ ਭਵਿਖ ਲਈ ਯੋਗ ਅਗਵਾਈ ਦੇਣ ਲਈ ਯੋਗ ਪ੍ਰਤੀਨਿਧ ਚੁਨਣ ਦਾ ਹੈ। ਸਾਡਾ ਖਿਆਲ ਹੈ ਲੋਕ ਸਮਝਦਾਰ ਹਨ ਠੀਕ ਫੈਸਲਾ ਕਰਨਗੇ। ਸੱਤਪਾਲ ਜੌਹਲ ਨਾਲ ਗੱਲ ਕੀਤਿਆਂ ਉਹਨਾਂ ਕਿਹਾ ਕਿ ਮੇਰੇ ਹੱਕ ਵਿੱਚ ਅਡਵਾਂਸ ਪੋਲਿੰਗ ਕਰਨ ਵਾਲੇ ਵੋਟਰਾਂ ਦਾ ਧੰਨਵਾਦੀ ਹਾਂ ਅਤੇ ਅਪੀਲ ਕਰਦਾ ਹਾਂ ਕਿ 22 ਅਕਤੂਬਰ ਨੂੰ ਬਾਕੀ ਵੋਟਰ ਮੇਰੇ ਹੱਕ ਵਿੱਚ ਮੇਰੀ ਜਿੱਤ ਲਈ ਵੋਟ ਪਾ ਕੇ ਧੰਨਵਾਦੀ ਬਣਾਉਣਗੇ। ਇਨ੍ਹਾਂ ਨਾਲ 416-895-3784 ਉਤੇ ਸੰਪਰਕ ਕੀਤਾ ਜਾ ਸਕਦਾ ਹੈ।



ਸ਼ਨੀਵਾਰ ਨੂੰ ਮਾਈਕਲ ਫੋਰਡ ਨੂੰ ਸ ਜਸਵੀਰ ਸਿੰਘ ਜੀ ਦੇ ਘਰ ਸੱਦਾ ਦਿੱਤਾ ਗਿਆ। ਜਿੱਥੇ ਇੰਡੀਅਨ ਕਮਿਊਨਿਟੀ ਤੋਂ ਕਾਫੀ ਲੋਕ ਇਕੱਠੇ ਹੋਏ। ਮਾਈਕਲ ਫੋਰਡ ਨੇ ਆਪਣੇ ਭਾਸ਼ਣ ਵਿਚ ਸਾਰਿਆਂ ਨੂੰ ਸਹਾਇਤਾ ਕਰਨ ਦੀ ਬੇਨਤੀ ਕੀਤੀ। ਫਿਰ ਸ ਅਵਤਾਰ ਸਿੰਘ ਨੇ ਆਪਣਾ ਭਾਸ਼ਣ ਦਿੱਤਾ। ਕੁਝ ਸੁਆਲ ਕੀਤੇ ਉਸ ਤੂੰ ਪਿੱਛੋਂ ਸ ਸੁਲੱਖਣ ਸਿੰਘ ਨੇ ਮਾਈਕਲ ਫੋਰਡ ਨੂੰ ਬੇਨਤੀ ਕੀਤੀ ਕਿ ਹੰਬਰਵੁਡ ਸਕੂਲ ਮਿਡਲ ਸਕੂਲ ਨੂੰ ਹਾਈ ਸਕੂਲ ਬਣਾਇਆ ਜਾਵੇ ਤੇ ਇਕ ਹੋਰ ਕਰਾਸ ਵਾਕ ਸਿਨ੍ਰਿਕ ਬਾਰ ਕੋਲ ਬਣਾਇਆ ਜਾਵੇ।

## ਬੀਜਿੰਗ ਵਿੱਚ ਧੁੰਦ ਲਈ ਪਰਫਿਊਮ, ਹੇਅਰ ਜੈੱਲ ਜ਼ਿੰਮੇਵਾਰ ਦੱਸੇ ਗਏ

ਬੀਜਿੰਗ, 16 ਅਕਤੂਬਰ (ਪੋਸਟ ਬਿਊਰੋ)- ਚੀਨ ਵਿੱਚ ਵਧਦੇ ਹਵਾ ਪ੍ਰਦੂਸ਼ਣ ਲਈ ਹੇਅਰ ਸਪਰੇਅ, ਪਰਫਿਊਮ ਅਤੇ ਏਅਰ ਰਿਫਰੈਸ਼ਰ ਵਿੱਚ ਪਾਏ ਜਾਂਦੇ ਵੋਲਾਟਾਈਲ ਬਾਇਓ ਕੰਪਾਊਂਡ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ।

ਰਾਜਧਾਨੀ ਬੀਜਿੰਗ ਵਿੱਚ ਛਾਈ ਜ਼ਬਰਦਸਤ ਧੁੰਦ ਦੌਰਾਨ ਚੀਨੀ ਮਾਹਰਾਂ ਨੇ ਇਹ ਬਿਆਨ ਦਿੱਤਾ ਹੈ। ਬੀਜਿੰਗ ਦੀ ਹਵਾ ਦੀ ਗੁਣਵੱਤਾ ਸੂਚੀ 213 ਤੱਕ ਪਹੁੰਚ ਗਈ ਹੈ, ਜਿਸ ਦਾ ਵਰਗੀਕਰਣ ਵਿਸ਼ਵ ਸਿਹਤ ਸੰਗਠਨ ਨੇ ਸਿਹਤ ਲਈ ਖਤਰਨਾਕ ਦੱਸਿਆ ਹੈ। ਰਾਜਧਾਨੀ ਵਿੱਚ ਦੋ ਕਰੋੜ 10 ਲੱਖ ਤੋਂ ਵਧੇਰੇ ਲੋਕ ਰਹਿੰਦੇ ਹਨ। ਸਰਕਾਰ ਵੱਲੋਂ ਸ਼ੁਰੂ ਕੀਤੇ ਹੋਏ ਉਪਾਵਾਂ ਦੇ ਬਾਅਦ ਪ੍ਰਦੂਸ਼ਣ ਵਿੱਚ ਕੁਝ ਹੱਦ ਤੱਕ ਕਮੀ ਆਈ ਹੈ। ਸਾਲ 2015 ਤੋਂ ਕੋਲੇ ਦੀ ਵਰਤੋਂ ਨੂੰ ਸੀਮਿਤ ਕੀਤਾ ਗਿਆ ਅਤੇ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ ਨੂੰ ਖੇਤਰ ਤੋਂ ਬਾਹਰ ਤਬਦੀਲ ਕੀਤਾ ਗਿਆ ਹੈ। ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਜ਼ਬਰਦਸਤ ਪ੍ਰਦੂਸ਼ਣ ਦੇ ਦਿਨਾਂ ਵਿੱਚ ਖੁਦ ਨੂੰ ਬਚਾਉਣ ਲਈ ਮਾਸਕ ਅਤੇ ਏਅਰ ਪਿਓਰੀਫਾਇਰ ਖਰੀਦਣ ਲਈ ਕਿਹਾ ਹੈ। ਬੀਜਿੰਗ ਵਿੱਚ ਪ੍ਰਦੂਸ਼ਣ ਲਈ ਚਾਰ ਪੱਧਰੀ ਚਿਤਾਵਨੀ ਪ੍ਰਣਾਲੀ ਹੈ, ਜਿਸ ਵਿੱਚ ਉਚਤਮ ਚਿਤਾਵਨੀ ਲਾਲ ਹੈ ਜਿਸ ਮਗਰੋਂ ਨਾਰੰਗੀ, ਫਿਰ ਪੀਲੀ ਅਤੇ ਅਖੀਰ ਵਿੱਚ ਨੀਲੀ ਚਿਤਾਵਨੀ ਹੁੰਦੀ ਹੈ। ਨਾਰੰਗੀ ਚਿਤਾਵਨੀ ਦਾ ਮਤਲਬ ਹੈ ਕਿ ਹਵਾ ਗੁਣਵੱਤਾ ਸੂਚੀ ਦੇ ਲਗਾਤਾਰ ਤਿੰਨ ਦਿਨਾਂ ਲਈ 200 ਤੋਂ ਵਧੇਰੇ ਹੋਣ ਦਾ ਅਨੁਮਾਨ ਹੈ।

## ਡੋਪ ਜਾਂਚ ਦਾ ਨੋਟਿਸ ਮਿਲਣ ਨਾਲ ਓਸੇਨ ਬੋਲਟ ਨਾਰਾਜ਼

ਸਿਡਨੀ, 16 ਅਕਤੂਬਰ (ਪੋਸਟ ਬਿਊਰੋ)- ਫਰਾਟਾ ਦੌੜ ਦਾ ਬਾਦਸ਼ਾਹ ਓਸੇਨ ਬੋਲਟ ਨੇ ਕਿਹਾ ਕਿ ਐਥਲੈਟਿਕਸ ਵੱਲੋਂ ਸੰਨਿਆਸ ਲੈਣ ਦੇ ਬਾਵਜੂਦ ਡਰੱਗ ਟੈਸਟ ਦੇ ਨੋਟਿਸ ਮਿਲਣ ਕਰ ਕੇ ਉਹ ਸੰਕਟ ਵਿੱਚ ਆ ਗਏ ਹਨ ਕਿਉਂਕਿ ਉਨ੍ਹਾਂ ਦਾ ਇਸ ਵਕਤ ਕੋਈ ਪੇਸ਼ੇਵਰ ਇਕਰਾਰਨਾਮਾ ਨਹੀਂ ਹੈ ਅਤੇ ਉਹ ਆਸਟਰੇਲੀਆ ਵਿੱਚ ਫੁੱਟਬਾਲ ਕਰੀਅਰ ਸ਼ੁਰੂ ਕਰਨ ਦੀ ਕੋਸ਼ਿਸ਼ ਕਰਨ ਵਿੱਚ ਲੱਗੇ ਹੋਏ ਹਨ। ਬੋਲਟ ਨੇ ਪਿਛਲੇ ਸਾਲ ਐਥਲੈਟਿਕਸ ਤੋਂ ਸੰਨਿਆਸ ਲੈ ਲਿਆ ਸੀ। ਉਨ੍ਹਾਂ ਆਸਟਰੇਲੀਆ ਵਿੱਚ ਸੈਂਟਰਲ ਕੋਸਟ ਮੇਰਿਨਰਸ ਨੇ ਅੱਜ ਤੱਕ ਇਕਰਾਰਨਾਮਾ ਨਹੀਂ ਕੀਤਾ। ਇਥੇ ਉਹ ਵਰਤਮਾਨ ਵਿੱਚ 100 ਮੀਟਰ ਦਾ ਵਿਸ਼ਵ ਰਿਕਾਰਡ ਟਰਾਇਲ ਉੱਤੇ ਹੈ। ਬੋਲਟ ਨੇ ਇੰਸਟਾਗ੍ਰਾਮ 'ਤੇ ਪਾਏ ਵੀਡੀਓ ਵਿੱਚ ਨੋਟਿਸ ਦਿਖਾਇਆ ਹੈ। ਉਨ੍ਹਾਂ ਕਿਹਾ, ਮੈਂ ਟਰੈਕ ਅਤੇ ਫੀਲਡ ਤੋਂ ਸੰਨਿਆਸ ਲੈ ਚੁੱਕਾ ਹਾਂ ਅਤੇ ਫੁੱਟਬਾਲਰ ਬਣਨਾ ਚਾਹੁੰਦਾ ਹਾਂ, ਪਰ ਆਹ ਦੇਖੋ। ਮੁਕਾਬਲੇ ਤੋਂ ਹੋਰ ਪ੍ਰੀਖਣ ਲਈ ਪਿਸ਼ਾਬ ਅਤੇ ਖੂਨ ਦੇ ਨਮੂਨੇ ਦੀ ਮੰਗ ਸੰਬੰਧੀ ਇਹ ਨੋਟਿਸ ਲੱਗਦਾ ਹੈ ਕਿ ਆਸਟਰੇਲੀਆ ਫੁੱਟਬਾਲ ਐਸੋਸੀਏਸ਼ਨ ਨੇ ਜਾਰੀ ਕੀਤਾ ਹੈ। ਬੋਲਟ ਨੇ ਕਿਹਾ, ਮੈਂ ਅੱਜ ਕਿਵੇਂ ਡਰੱਗ ਟੈਸਟ ਦੇ ਸਕਦਾ ਹਾਂ। ਮੈਂ ਪੇਸ਼ੇਵਰ ਫੁੱਟਬਾਲ ਵੀ ਨਹੀਂ ਹਾਂ।

## ਦਿੱਲੀ ਦੀ ਹਵਾ ਜ਼ਹਿਰੀਲੀ ਹੁੰਦੀ ਵੇਖ ਕੇ ਸਰਕਾਰ ਨੇ ਸਖਤ ਕਦਮ ਚੁੱਕੇ



ਨਵੀਂ ਦਿੱਲੀ, 16 ਅਕਤੂਬਰ (ਪੋਸਟ ਬਿਊਰੋ)- ਭਾਰਤ ਵਿੱਚ ਮੌਸਮ ਦੇ ਬਦਲਣ ਨਾਲ ਹੀ ਦਿੱਲੀ ਅਤੇ ਐੱਨ ਸੀ ਆਰ (ਨੈਸ਼ਨਲ ਕੈਪੀਟਲ ਰੀਜਨ) ਦੀ ਹਵਾ ਜ਼ਹਿਰੀਲੀ ਹੋਣ ਲੱਗ ਪਈ ਹੈ। ਨਾਸਾ ਤੋਂ ਮਿਲੀਆਂ ਉਪਗ੍ਰਹਿ ਤਸਵੀਰਾਂ 'ਚ ਪੰਜਾਬ ਤੇ ਹਰਿਆਣਾ 'ਚ ਵੱਡੇ ਪੱਧਰ 'ਤੇ ਪਰਾਲੀ ਸਾੜਨ ਦੀਆਂ ਗਤੀਵਿਧੀਆ ਦਿੱਸ ਰਹੀਆਂ ਹਨ। ਇਸ ਨਾਲ ਅਕਤੂਬਰ 'ਚ ਹੀ ਹਵਾ ਖਰਾਬ ਹੋਣ ਨਾਲ ਜਿੱਥੇ ਦਿੱਲੀ ਵਾਸੀਆਂ ਦੀਆਂ ਸਮੱਸਿਆਵਾਂ ਵੱਧਣ ਲੱਗੀਆਂ ਹਨ।

ਤਾਜ਼ਾ ਸਥਿਤੀ ਨੂੰ ਦਿੱਲੀ ਸਰਕਾਰ ਜਲਦ ਹੀ ਸੰਭਾਲਣਾ ਚਾਹੁੰਦੀ ਹੈ। ਇਸ ਖਤਰੇ ਨੂੰ ਦੇਖਦੇ ਹੋਏ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਦਿੱਲੀ 'ਚ ਐਮਰਜੈਂਸੀ ਯੋਜਨਾ ਲਾਗੂ ਕਰ ਦਿੱਤੀ ਹੈ, ਜਿਸ ਵਿੱਚ ਮਸ਼ੀਨਾਂ ਤੋਂ ਸੜਕਾਂ ਦੀ ਸਫਾਈ ਅਤੇ ਇਸ ਖੇਤਰ ਦੇ ਭੀੜ-ਭਾੜ ਵਾਲੇ ਇਲਾਕਿਆਂ 'ਚ ਵਾਹਨਾਂ ਦੇ ਸੁਚਾਰੂ ਟ੍ਰੈਫਿਕ ਲਈ ਟ੍ਰੈਫਿਕ ਪੁਲਸ ਤੈਨਾਤ ਕਰਨ ਵਰਗੇ ਉਪਾਅ ਸ਼ਾਮਿਲ ਹੋਣਗੇ। ਦੂਜੇ ਪਾਸੇ ਦਿੱਲੀ ਸਰਕਾਰ ਨੇ ਹਰਿਆਣਾ ਅਤੇ ਪੰਜਾਬ ਤੋਂ ਮੰਗ ਕੀਤੀ ਹੈ ਕਿ ਪਰਾਲੀ ਸਾੜਨ ਨੂੰ ਰੋਕਣ ਦੇ ਲਈ ਕਦਮ ਚੁੱਕੇ ਜਾਣ। ਲੈਫਟੀਨੈਂਟ ਗਵਰਨਰ ਅਨਿਲ ਬੈਜਲ ਵੱਲੋਂ ਜਾਰੀ ਐਡਵਾਇਜ਼ਰੀ ਤੋਂ ਬਾਅਦ ਅੱਜ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਪ੍ਰਦੂਸ਼ਣ ਦੇ ਮਾਮਲੇ ਵਿੱਚ ਨਗਰ ਨਿਗਮ ਨੇ 1 ਜਨਵਰੀ 2018 ਤੋਂ ਲੈ ਕੇ ਅੱਜ ਤੱਕ ਗੈਰ-ਅਨੁਕੂਲ ਖੇਤਰਾਂ 'ਚ 10,196 ਉਦਯੋਗਾਂ 'ਤੇ ਕਾਰਵਾਈ ਕੀਤੀ ਹੈ ਅਤੇ 1,368 ਉਦਯੋਗਾਂ ਨੂੰ ਕਾਰਨ ਦੱਸੋ ਨੋਟਿਸ ਭੇਜਿਆ ਅਤੇ 417 ਉਦਯੋਗਿਕ ਯੂਨਿਟਾਂ ਨੂੰ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ। ਪ੍ਰਦੂਸ਼ਣ ਸਭ ਤੋਂ ਪਹਿਲਾਂ ਬੱਚਿਆਂ ਅਤੇ ਬਜ਼ੁਰਗਾਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ। ਅਜਿਹੇ 'ਚ ਹਰ ਮੌਸਮ 'ਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆ ਅਤੇ 65 ਸਾਲ ਤੋਂ ਜ਼ਿਆਦਾ ਉਮਰ ਦੇ ਬਜ਼ੁਰਗਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਬੱਚਿਆਂ ਨੂੰ ਇਸ ਤਰ੍ਹਾਂ ਦੀ ਪ੍ਰਦੂਸ਼ਿਤ ਹਵਾ 'ਚ ਘੱਟ ਤੋਂ ਘੱਟ ਬਾਹਰ ਨਿਕਲਣਾ ਚਾਹੀਦਾ ਹੈ।

## ਬਰਗਾੜੀ ਦੇ ਇਨਸਾਫ ਮੋਰਚੇ ਵਿੱਚ ਬਾਬਾ ਕਲੇਰ ਦਾ ਦੇਹਾਂਤ

ਮਸਤੂਆਣਾ ਸਾਹਿਬ, 16 ਅਕਤੂਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਜਥੇਦਾਰ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ ਬਰਗਾੜੀ ਵਿੱਚ ਚੱਲ ਰਹੇ ਇਨਸਾਫ ਮੋਰਚੇ ਵਿੱਚ ਕਈ ਦਿਨਾਂ ਤੋਂ ਇਲਾਕੇ ਦੀਆਂ ਸੰਗਤਾਂ ਸ਼ਾਮਲ ਪਿੰਡ ਕਾਂਝਲਾ ਦੇ ਬਾਬਾ ਮਲਕੀਤ ਸਿੰਘ ਕਲੇਰ (75) ਦਾ ਕੱਲ੍ਹ ਰਾਤ ਦੇਹਾਂਤ ਹੋ ਗਿਆ। ਇਸ ਸਬੰਧੀ ਪਰਵਾਰ ਅਤੇ ਸੰਤ ਬਿਸ਼ਨ ਸਿੰਘ ਗੁਰਮਤਿ ਟਰੱਸਟ ਕਾਂਝਲਾ ਦੇ ਅਹੁਦੇਦਾਰ ਜਸਪਾਲ ਸਿੰਘ ਕਲੇਰ ਅਤੇ ਕਰਮਜੀਤ ਸਿੰਘ ਕਲੇਰ ਨੇ ਦੱਸਿਆ ਕਿ ਬਾਬਾ ਮਲਕੀਤ ਸਿੰਘ ਕਲੇਰ ਸੱਤ ਅਕਤੂਬਰ ਨੂੰ ਬਰਗਾੜੀ ਵਿਖੇ ਗਿਆ ਸੀ ਅਤੇ ਪਿੰਡੋਂ ਵੱਡੀ ਗਿਣਤੀ ਵਿਚ ਸੰਗਤ ਵੀ ਗਈ ਸੀ। ਬਾਬਾ ਮਲਕੀਤ ਸਿੰਘ ਨੇ ਕਿਹਾ ਕਿ ਉਹ ਪੱਕੇ ਤੌਰ ਉਤੇ ਹੀ ਇਨਸਾਫ ਮੋਰਚੇ ਵਿੱਚ ਹਾਜ਼ਰੀ ਭਰੇਗਾ ਅਤੇ ਉਸ ਦੇ ਕੱਪੜੇ ਵਗੈਰਾ ਇਥੇ ਹੀ ਭੇਜ ਦੇਣਾ। ਕੱਲ੍ਹ ਬਰਗਾੜੀ ਤੋਂ ਜਥੇਦਾਰ ਧਿਆਨ ਸਿੰਘ ਮੰਡ ਹੋਰਾਂ ਵੱਲੋਂ ਪਿੰਡ ਕਾਂਝਲਾ ਵਿਖੇ ਉਨ੍ਹਾਂ ਦੇ ਸਪੁੱਤਰ ਗੁਰਤੇਜ ਸਿੰਘ ਤੇਜੀ ਅਤੇ ਪ੍ਰਗਟ ਸਿੰਘ ਕਲੇਰ ਹੋਰਾਂ ਨੂੰ ਫੋਨ ਆਇਆ ਕਿ ਬਾਬਾ ਮਲਕੀਤ ਸਿੰਘ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਅਕਾਲ ਚਲਾਣਾ ਕਰ ਗਿਆ ਹੈ।

# ਸੁਖਬੀਰ ਸਿੰਘ ਬਾਦਲ ਦੇ ਪੈਟਰੋਲ ਪੰਪ ਦੇ ਮੁਲਾਜ਼ਮਾਂ ਤੋਂ 9.90 ਲੱਖ ਰੁਪਏ ਲੁੱਟੇ ਗਏ



ਮੁਕਤਸਰ ਸਾਹਿਬ, 16 ਅਕਤੂਬਰ (ਪੋਸਟ ਬਿਊਰੋ)- ਸਾਬਕਾ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਰਿਲਾਇੰਸ ਪੈਟਰੋਲ ਪੰਪ ਦੇ ਦੋ ਮੁਲਾਜ਼ਮਾਂ ਤੋਂ ਕੱਲ੍ਹ ਦੁਪਹਿਰ ਸਵਿਫਟ ਕਾਰ ਸਵਾਰ ਪੰਜ ਹਥਿਆਰਬੰਦ ਲੁਟੇਰਿਆਂ ਨੇ ਫਾਇਰਿੰਗ ਕਰ ਕੇ 9.90 ਲੱਖ ਰੁਪਏ ਲੁੱਟ ਲਏ। ਲੁਟੇਰਿਆਂ ਨੇ ਪੰਪ ਮੈਨੇਜਰ ਦੇ ਪੇਟ ਵਿੱਚ ਗੋਲੀ ਵੀ ਮਾਰ ਦਿੱਤੀ, ਜਿਸ ਨੂੰ ਬਠਿੰਡਾ ਰੈਫਰ ਕੀਤਾ ਗਿਆ ਹੈ।

ਐੱਸ ਐੱਸ ਪੀ ਮਨਜੀਤ ਸਿੰਘ ਢੇਸੀ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਮਲੋਟ ਰੋਡ ਦੇ ਰਿਲਾਇੰਸ ਪੈਟਰੋਲ ਪੰਪ ਤੋਂ ਕੱਲ੍ਹ ਦੁਪਹਿਰ ਮੈਨੇਜਰ ਗਗਨਦੀਪ ਸਿੰਘ ਅਤੇ ਮੁਲਾਜ਼ਮ ਗੁਰਚਰਨ ਸਿੰਘ ਸਕੂਟੀ ਉੱਤੇ ਨੌਂ ਲੱਖ ਨੱਬੇ ਹਜ਼ਾਰ ਰੁਪਏ ਕੈਸ਼ ਲੈ ਕੇ ਬੈਂਕ ਵਿੱਚ ਜਮ੍ਹਾ ਕਰਾਉਣ ਨਿਕਲੇ ਸਨ। ਰਜਵਾਹੇ ਉੱਤੇ ਨਾਰਾਇਣਗੜ੍ਹ ਪੈਲੇਸ ਦੇ ਕੋਲ ਪਿੱਛੋਂ ਆਈ ਸਵਿਫਟ ਕਾਰ ਨੇ ਸਕੂਟੀ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਉਹ ਹੇਠਾਂ ਡਿੱਗ ਗਏ। ਕਾਰ 'ਚੋਂ ਮੂੰਹ ਬੰਨ੍ਹੇ ਹੋਏ ਚਾਰ ਹਥਿਆਰਬੰਦ ਨੌਜਵਾਨ ਬਾਹਰ ਨਿਕਲੇ ਅਤੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ। ਹਥਿਆਰਬੰਦ ਨੌਜਵਾਨਾਂ ਨੇ ਉਨ੍ਹਾਂ ਦੀ ਕੁੱਟਮਾਰ ਕਰ ਕੇ ਸਕੂਟੀ ਦੀ ਡਿੱਗੀ ਵਿੱਚ ਰੱਖੇ ਪੈਸੇ ਕੱਢ ਲਏ। ਐਕਸੀਡੈਂਟ ਹੋਇਆ ਸੋਚ ਕੇ ਲੋਕ ਉਥੇ ਇਕੱਠੇ ਹੋਣ ਲੱਗੇ ਤਾਂ ਇੱਕ ਨੌਜਵਾਨ ਨੇ ਰਿਵਾਲਵਰ ਨਾਲ ਗੋਲੀਆਂ ਚਲਾ ਦਿੱਤੀਆਂ। ਉਸ ਨੇ ਤਿੰਨ ਫਾਇਰ ਕੀਤੇ। ਇਨ੍ਹਾਂ ਵਿੱਚੋਂ ਇੱਕ ਗੋਲੀ ਪੰਪ ਮੈਨੇਜਰ ਗਗਨਦੀਪ ਦੇ ਪੇਟ ਵਿੱਚ ਲੱਗੀ। ਇਸ ਦੇ ਬਾਅਦ ਲੁਟੇਰੇ ਫਰਾਰ ਹੋ ਗਏ। ਵਾਰਦਾਤ ਦੀ ਸੂਚਨਾ ਮਿਲਦੇ ਹੀ ਐੱਸ ਐੱਸ ਪੀ ਮਨਜੀਤ ਸਿੰਘ ਢੇਸੀ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਜ਼ਖਮੀ ਗਗਨਦੀਪ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
Body Centre
MINISTRY APPROVED SALVAGE INSPECTION STATION
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਉਨ ਹਾਉਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਵਾਰਡ 9-10 ਤੋਂ ਸਕੂਲ-ਟਰੱਸਟੀ ਉਮੀਦਵਾਰ ਬਲਬੀਰ ਸੋਹੀ ਨੇ ਕੀਤਾ ਕਈ ਮੀਟਿੰਗਾਂ ਨੂੰ ਕੀਤਾ ਸੰਬੋਧਨ



ਬਰੈਂਪਟਨ, (ਡਾ. ਝੰਡ) -ਬਰੈਂਪਟਨ ਵਿਚ ਇਨ੍ਹੀਂ ਦਿਨੀਂ ਚੱਲ ਰਹੇ ਚੋਣ-ਬੁਖ਼ਾਰ ਦੌਰਾਨ ਹਰੇਕ ਉਮੀਦਵਾਰ ਅੱਜਕੱਲ੍ਹ ਆਪਣੇ ਘੋੜੇ ਤੇਜ਼-ਰਫ਼ਤਾਰ ਨਾਲ ਦੌੜਾਅ ਰਿਹਾ ਹੈ। ਜਿੱਥੇ ਉਹ ਆਪਣੇ ਵਾਲੰਟੀਅਰਾਂ ਅਤੇ ਸਮੱਰਥਕਾਂ ਨਾਲ ਘਰੋ-ਘਰੀ ਜਾ ਕੇ ਲੋਕਾਂ ਦੇ ਦਰਵਾਜ਼ੇ ਖਰ-ਖਟਾ ਰਹੇ ਹਨ, ਉੱਥੇ ਉਹ ਕਈ ਜਨਤਕ-ਮੀਟਿੰਗਾਂ ਵਿਚ ਸ਼ਾਮਲ ਹੋ ਕੇ ਇਨ੍ਹਾਂ ਵਿਚ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਵੀ ਨਹੀਂ ਖੁੰਝਾ ਰਹੇ। ਇੱਥੋਂ ਤੱਕ ਕਿ ਕਈ ਤਾਂ ਗੁਰਦੁਆਰਾ ਸਾਹਿਬਾਨ ਵਿਚ ਵੀ ਜਾ ਕੇ ਆਪਣਾ ਪੱਖ ਪੇਸ਼ ਕਰ ਆਉਂਦੇ ਹਨ। ਏਸੇ ਸਿਲਸਿਲੇ ਵਿਚ ਹੀ ਬੀਤੇ ਹਫ਼ਤੇ ਵਾਰਡ ਨੰਬਰ 9-10 ਤੋਂ ਸਕੂਲ ਟਰੱਸਟੀ ਉਮੀਦਵਾਰ ਬਲਬੀਰ ਸੋਹੀ ਨੇ ਵੱਖ-ਵੱਖ ਵਰਗਾਂ ਦੀਆਂ ਕਈ ਮੀਟਿੰਗਾਂ ਨੂੰ ਸੰਬੋਧਨ ਕੀਤਾ ਅਤੇ ਘਰਾਂ ਵਿਚ ਜਾ ਕੇ ਵੀ ਆਪਣਾ ਚੋਣ-ਪ੍ਰਚਾਰ ਕੀਤਾ। ਜਿੱਥੇ ਉਨਾਂ ਡਿਕਸੀ ਰੋਡ ਤੇ ਪੀਟਰ ਰੌਬਰਟਸਨ ਸਥਿਤ ਗੁਰੂ ਨਾਨਕ ਮਿਸ਼ਨ ਸੈਂਟਰ ਦੇ ਪ੍ਰਬੰਧਕਾਂ ਨਾਲ ਸਫ਼ਲ ਮੀਟਿੰਗ ਕੀਤੀ ਅਤੇ ਉੱਥੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਪਣੇ ਵਿਚਾਰ ਵੀ ਪੇਸ਼ ਕੀਤੇ, ਉੱਥੇ ਇਸ ਦੇ ਨਾਲ ਹੀ ਕਾਰਡਰਸਟੋਨ ਕਲੱਬ ਦੇ ਮੈਂਬਰਾਂ ਨਾਲ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ। ਬਲਬੀਰ ਅਨੁਸਾਰ ਇਨ੍ਹਾਂ ਮੀਟਿੰਗਾਂ ਵਿਚ ਉਨ੍ਹਾਂ ਨੂੰ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਤੋਂ ਇਲਾਵਾ ਉਹ ਕਈ ਘਰਾਂ ਵਿਚ ਵੀ ਆਪਣੇ ਚੋਣ-ਪ੍ਰਚਾਰ ਲਈ ਗਏ ਜਿੱਥੇ ਉਨ੍ਹਾਂ ਨੂੰ ਹਰ ਪ੍ਰਕਾਰ ਦੇ ਭਰਪੂਰ ਸਹਿਯੋਗ ਦਾ ਯਕੀਨ ਦਿਵਾਇਆ ਗਿਆ।

# ਬਰੈਂਪਟਨ ਵਿਚ ਐਡਵਾਂਸ-ਪੋਲ ਲਈ ਵੋਟਰਾਂ ਵਿਚ ਰਿਹਾ ਭਾਰੀ ਉਤਸ਼ਾਹ



ਬਰੈਂਪਟਨ, (ਡਾ. ਝੰਡ) -ਬਰੈਂਪਟਨ ਦੀਆਂ ਸਿਵਿਕ ਚੋਣਾਂ ਵਿਚ ਹੁਣ ਹਫ਼ਤੇ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ। ਪੋਲਿੰਗ ਦੀ ਆਖ਼ਰੀ ਤਰੀਕ 22 ਅਕਤੂਬਰ ਹੈ ਅਤੇ ਬੀਤਿਆ ਸ਼ਨੀਵਾਰ ਐਡਵਾਂਸ-ਪੋਲ ਲਈ ਆਖ਼ਰੀ ਦਿਨ ਸੀ ਅਤੇ ਇਸ ਦਿਨ ਲੋਕਾਂ ਵਿਚ ਵੋਟ ਪਾਉਣ ਲਈ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਡਿਕਸੀ ਰੋਡ ਤੇ ਸੈਂਡਲਵੇਅ ਪਾਰਕਵੇਅ ਵਾਲੇ ਬਰੈਂਪਟਨ ਸੌਕਰ ਸੈਂਟਰ ਵਿਚ ਸਥਿਤ ਵਾਰਡ ਨੰਬਰ 9-10 ਦੇ ਐਡਵਾਂਸ-ਪੋਲਿੰਗ ਬੂਥ ਵਿਚ ਸ਼ਾਮ 3.44 ਵਜੇ ਵੋਟਰਾਂ ਦੀ ਲੰਮੀ ਉਡੀਕ-ਲਾਈਨ ਵੇਖਣ ਨੂੰ ਮਿਲੀ। ਉਨ੍ਹਾਂ ਨੇ ਆਪਣੀਆਂ ਚੋਣ ਆਈ.ਡੀਜ਼. ਹੱਥਾਂ ਵਿਚ ਫੜ੍ਹੀਆਂ ਹੋਈਆਂ ਸਨ ਅਤੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਚੋਣ-ਡਿਊਟੀ 'ਤੇ ਤਾਇਨਾਤ ਕਰਮਚਾਰੀ ਉਨ੍ਹਾਂ ਦੇ ਇਹ ਪਛਾਣ-ਪੱਤਰ ਚੈੱਕ ਕਰ ਰਹੇ ਸਨ ਜਿਨ੍ਹਾਂ ਵਿਚ ਕੈਨੇਡਾ ਦੇ ਨਾਗਰਿਕ ਹੋਣ ਅਤੇ ਘਰ ਦਾ ਐਡਰੈੱਸ ਹੋਣ ਦੇ ਸਬੂਤ ਸ਼ਾਮਲ ਸਨ।

ਜਿਨ੍ਹਾਂ ਵੋਟਰਾਂ ਕੋਲ ਘਰ ਦੇ ਪਤੇ ਦਾ ਕੋਈ ਸਬੂਤ ਜਿਵੇਂ ਡਰਾਈਵਿੰਗ ਲਾਇਸੈਂਸ, ਬਿਜਲੀ-ਪਾਣੀ ਦਾ ਬਿੱਲ ਜਾਂ ਹੈੱਲਥ-ਕਾਰਡ ਵਗ਼ੈਰਾ ਨਹੀਂ ਸਨ, ਚੋਣ-ਕਰਮਚਾਰੀ ਉਨ੍ਹਾਂ ਕੋਲੋਂ ਇਕ ਡੈਕਲੇਰੇਸ਼ਨ ਫ਼ਾਰਮ ਭਰਵਾਉਣ ਤੋਂ ਬਾਅਦ ਹੀ ਬੈਲਟ-ਪੇਪਰ ਇਸ਼ੂ ਕਰਦੇ ਸਨ। ਵੋਟਰ ਇਹ ਬੈਲਟ ਪੇਪਰ ਉਨ੍ਹਾਂ ਕੋਲੋਂ ਲੈ ਕੇ ਸਾਹਮਣੇ ਪਾਸੇ ਮੇਜ਼ਾਂ ਉੱਪਰ ਗੱਤੇ ਦੀਆਂ ਬਣੀਆਂ ਲੁਕਵੀਆਂ ਥਾਵਾਂ 'ਤੇ ਜਾ ਕੇ ਆਪਣੇ ਪਸੰਦ ਦੇ ਉਮੀਦਵਾਰਾਂ ਦੇ ਅੱਗੇ ਬਣੇ ਛੋਟੇ-ਚੱਕਰਾਂ ਨੂੰ ਕਾਲੇ ਪੈੱਨ ਨਾਲ ਕਾਲਾ ਕਰਨ ਤੋਂ ਬਾਅਦ ਇਹ ਟੈਬੂਲੇਟਰ ਨੂੰ ਫੜਾ ਰਹੇ ਸਨ ਜੋ ਇਨ੍ਹਾਂ ਨੂੰ ਉੱਥੇ ਰੱਖੀ ਗਈ ਕੰਪਿਊਟਰਾਈਜ਼ਡ-ਮਸ਼ੀਨ ਵਿਚ ਦਰਜ ਕਰ ਰਿਹਾ ਸੀ। ਇਹ ਸਾਰਾ ਕੰਮ ਬਿਨਾਂ ਕਿਸੇ ਰੌਲੇ-ਗੌਲੇ ਦੇ ਬੜਾ ਸ਼ਾਂਤੀ-ਪੂਰਵਕ ਚੱਲ ਰਿਹਾ ਸੀ। ਇੱਥੇ ਇਹ ਜ਼ਿਕਰਯੋਗ ਹੈ ਪਿਛਲੇ ਸ਼ਨੀਵਾਰ ਤੱਕ ਹੋਈ ਐਡਵਾਂਸ-ਪੋਲ ਵਿਚ ਓਨਟਾਰੀਓ ਵਿਚ ਪੋਲ ਹੋਈਆਂ ਵੋਟਾਂ ਦੀ ਗਿਣਤੀ 7,68,895 ਦਰਸਾਈ ਗਈ ਹੈ, ਜਦ ਕਿ ਇਸ ਸੂਬੇ ਦੇ ਕੁਲ ਵੋਟਰ 10.2 ਮਿਲੀਅਨ ਹਨ। ਵੇਖੋ, ਇਸ ਸ਼ਨੀਵਾਰ ਦੀ ਐਡਵਾਂਸ-ਪੋਲ ਨਾਲ ਇਹ ਗਿਣਤੀ ਕਿੰਨੀ ਕੁ ਬਣਦੀ ਹੈ ਅਤੇ 22 ਅਕਤੂਬਰ ਨੂੰ ਇਹ ਕਿੱਥੋਂ ਤੀਕ ਪਹੁੰਚਦੀ ਹੈ।

ਇਸ ਦੌਰਾਨ ਇਹ ਪਤਾ ਲੱਗਾ ਹੈ ਕਿ 6 ਅਤੇ 13 ਅਕਤੂਬਰ ਨੂੰ ਹੋਈ ਐਡਵਾਂਸ ਪੋਲ ਵਿਚ ਬਰੈਂਪਟਨ ਦੇ ਵਾਰਡ ਨੰਬਰ ਜਿੱਥੇ ਸੱਭ ਤੋਂ ਵਧੇਰੇ ਚੋਣ-ਸਰਗ਼ਰਮੀਆਂ ਨਜ਼ਰ ਆ ਰਹੀਆਂ ਹਨ, ਦੇ ਦੋ ਐਡਵਾਂਸ ਪੋਲ ਕੇਂਦਰਾਂ ਬਰੈਂਪਟਨ ਸੌਕਰ ਸੈਂਟਰ ਅਤੇ ਗੋਰ ਕੈਸਲਮੋਰ ਕਮਿਊਨਿਟੀ ਸੈਂਟਰ ਵਿਚ 4190 ਵੋਟਾਂ ਪੋਲ ਹੋਈਆਂ ਹਨ ਜਿਨ੍ਹਾਂ ਵਿੱਚੋਂ 2715 ਵੋਟਾਂ 6 ਅਕਤੂਬਰ ਨੂੰ ਅਤੇ 1475 ਵੋਟਾਂ 13 ਅਕਤੂਬਰ ਨੂੰ ਪਈਆਂ ਅਤੇ ਇਨ੍ਹਾਂ ਵਿਚ ਬਹੁਤੀ ਗਿਣਤੀ ਪੰਜਾਬੀ ਵੋਟਰਾਂ ਦੀ ਸੀ। ਵੈਸੇ ਵੀ, ਬਰੈਂਪਟਨ ਵਿਚ ਪੰਜਾਬੀ ਹੁਣ ਬਹੁ-ਗਿਣਤੀ ਵਿਚ ਹਨ।

# ਸਪਰਿੰਗਡੇਲ ਸੰਨੀਮੈਡੋ ਸੀਨੀਅਰਜ਼ ਕਲੱਬ ਨੇ ਗੁਰਪ੍ਰੀਤ ਢਿੱਲੋਂ, ਹਰਕੀਰਤ ਸਿੰਘ ਤੇ ਸਤਪਾਲ ਜੌਹਲ ਦੀ ਕੀਤੀ ਹਮਾਇਤ



ਬਰੈਂਪਟਨ, (ਡਾ. ਝੰਡ) -ਸਪਰਿੰਗਡੇਲ ਸੰਨੀਮੈਡੋ ਸੀਨੀਅਰਜ਼ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਦੀ ਕਲੱਬ ਦੇ ਮੈਂਬਰਾਂ ਵੱਲੋਂ ਬੀਤੇ ਵੀਰਵਾਰ 11 ਅਕਤੂਬਰ ਨੂੰ ਰੀਜਨਲ ਕਾਊਂਸਲਰ ਉਮੀਦਵਾਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕਾਊਂਸਲਰ ਉਮੀਦਵਾਰ ਹਰਕੀਰਤ ਸਿੰਘ ਅਤੇ ਸਕੂਲ-ਟਰੱਸਟੀ ਉਮੀਦਵਾਰ ਨੂੰ ਸੱਦਾ-ਪੱਤਰ ਦੇ ਕੇ ਚਾਹ-ਪਾਰਟੀ 'ਤੇ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ। ਤਿੰਨਾਂ ਮਹਿਮਾਨਾਂ ਦੇ ਪਾਰਕ ਵਿਚ ਪਹੁੰਚਣ 'ਤੇ ਉਨ੍ਹਾਂ ਨੂੰ 'ਜੀ ਆਇਆਂ' ਕਿਹਾ ਗਿਆ ਅਤੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਹਾਜ਼ਰ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਲੱਬ ਦੇ ਸਮੂਹ-ਮੈਂਬਰਾਂ ਨੂੰ 22 ਅਕਤੂਬਰ ਨੂੰ ਹੋ ਰਹੀਆਂ ਚੋਣਾਂ ਵਿਚ ਇਨ੍ਹਾਂ ਤਿੰਨਾਂ ਉਮੀਦਵਾਰਾਂ ਦੀ ਮਦਦ ਕਰਨ ਲਈ ਬੇਨਤੀ ਕੀਤੀ ਜਿਸ ਦਾ ਮੈਂਬਰਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਉਪਰੰਤ, ਸਾਰਿਆਂ ਨੇ ਮਿਲ ਕੇ ਚਾਹ-ਪਾਣੀ ਦਾ ਅਨੰਦ ਮਾਣਿਆ। ਇਸ ਸੰਖੇਪ ਸਮਾਗਮ ਦੇ ਅਖ਼ੀਰ ਵਿਚ ਜੋਗਿੰਦਰ ਸਿੰਘ ਚੇਅਰਮੈਨ ਵੱਲੋਂ ਆਏ ਮਹਿਮਾਨਾਂ ਅਤੇ ਕਲੱਬ ਦਾ ਮੈਂਬਰਾਂ ਦਾ ਹਾਰਦਿਕ ਧੰਨਵਾਦ ਕੀਤਾ ਕੀਤਾ ਗਿਆ ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿੱਚੋਂ ਕੁਝ ਸਮਾਂ ਕੱਢ ਕੇ ਸਮਾਗਮ ਵਿਚ ਸ਼ਿਰਕਤ ਕੀਤੀ।

# ਸਕੂਲ-ਟਰੱਸਟੀ ਉਮੀਦਵਾਰ ਸਤਪਾਲ ਜੌਹਲ ਵੱਲੋਂ ਬਰੈਮਲੀ-ਸੈਂਡਲਵੁੱਡ ਏਰੀਏ ਵਿਚ ਕੀਤਾ ਚੋਣ-ਪ੍ਰਚਾਰ




ਬਰੈਂਪਟਨ, (ਡਾ. ਝੰਡ) -22 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਦੇ ਆਖ਼ਰੀ ਪੜਾਅ 'ਤੇ ਉਮੀਦਵਾਰਾਂ ਵੱਲੋਂ ਘਰੋ-ਘਰੀਂ ਜਾ ਕੇ 'ਡੋਰ-ਨੌਕਿੰਗ' 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਆਪਣੇ ਵਾਲੰਟੀਅਰਾਂ ਅਤੇ ਸਮੱਰਥਕਾਂ ਨੂੰ ਨਾਲ ਲੈ ਕੇ ਲੋਕਾਂ ਦੇ ਘਰੀਂ ਜਾ ਕੇ ਉਨ੍ਹਾਂ ਦੇ ਦਰਵਾਜ਼ੇ ਖਟ-ਖਟਾ ਰਹੇ ਹਨ ਅਤੇ ਉਨ੍ਹਾਂ ਨੂੰ ਵੋਟ ਦੇਣ ਲਈ ਬੇਨਤੀਆਂ ਕਰ ਰਹੇ ਹਨ। ਉਹ ਉਨ੍ਹਾਂ ਨੂੰ ਇਹ ਵੀ ਦੱਸ ਰਹੇ ਹਨ ਕਿ ਐਡਵਾਂਸ-ਪੋਲ ਦਾ ਸਮਾਂ ਤਾਂ ਹੁਣ ਲੰਘ ਗਿਆ ਹੈ ਅਤੇ ਉਹ ਹੁਣ 22 ਅਕਤੂਬਰ ਸੋਮਵਾਰ ਵਾਲੇ ਦਿਨ ਸਵੇਰੇ 10.00 ਵਜੇ ਤੋਂ ਰਾਤ ਦੇ 8.00 ਵਜੇ ਤੱਕ ਆਪਣੇ ਨੇੜਲੇ ਪੋਲਿੰਟ-ਸਟੇਸ਼ਨ 'ਤੇ ਵੋਟ ਪਾ ਸਕਦੇ ਹਨ।

ਏਸੇ ਸਿਲਸਿਲੇ ਵਿਚ ਬੀਤੇ ਐਤਵਾਰ ਵਾਰਡ ਨੰਬਰ 9-10 ਤੋਂ ਸਕੂਲ-ਟਰੱਸਟੀ ਉਮੀਦਵਾਰ ਬਰੈਮਲੀ-ਸੈਂਡਲਵੁੱਡ ਏਰੀਏ ਵਿਚ ਆਪਣੇ ਸਮੱਰਥਕਾਂ ਨਾਲ ਚੋਣ ਪ੍ਰਚਾਰ ਕਰਦੇ ਹੋਏ ਇਸ ਦੇ ਲਾਰਕਰਪੁਰ/ਮੇਡਨ-ਗਰਾਸ ਨੇੜਲੇ ਪਾਰਕ ਦੇ ਆਲੇ-ਦੁਆਲੇ ਦੇ ਘਰਾਂ ਵਿਚ ਪ੍ਰਚਾਰ ਕਰਨ ਲਈ ਪਹੁੰਚੇ। ਉਨ੍ਹਾਂ ਆਪਣੇ ਸਮੱਰਥਕਾਂ ਦੇ ਨਾਲ ਲੋਕਾਂ ਦੇ ਘਰਾਂ ਦੀਆਂ ਬੈੱਲਾਂ ਵਜਾਈਆਂ ਅਤੇ ਉਨ੍ਹਾਂ ਨੂੰ ਆਪਣੇ ਚੋਣ-ਕਾਰਡ ਫੜਾਉਂਦਿਆਂ ਹੋਇਆਂ ਆਪਣੇ ਹੱਕ ਵਿਚ ਵੋਟ ਪਾਉਣ ਲਈ ਬੇਨਤੀ ਕੀਤੀ। ਉਨ੍ਹਾਂ ਅਨੁਸਾਰ ਲੋਕਾਂ ਦਾ ਹੁੰਗਾਰਾ ਇਸ ਸਬੰਧੀ ਕਾਫ਼ੀ 'ਹਾਂ-ਪੱਖੀ' ਸੀ। ਉਨ੍ਹਾਂ ਕਈ ਘਰਾਂ ਅੱਗੇ ਮਕਾਨ-ਮਾਲਕਾਂ ਦੀ ਸਹਿਮਤੀ ਨਾਲ ਆਪਣੇ ਸਾਈਨ-ਬੋਰਡ ਵੀ ਲਗਾਏ।

# ਬਲੂਓਕ ਸੀਨੀਅਰਜ਼ ਕਲੱਬ ਬਰੈਂਪਟਨ ਦੀ ਜਨਰਲ ਮੀਟਿੰਗ ਅਤੇ ਨਵੀਂ ਚੋਣ ਹੋਈ




ਬਲੂ ਓਕ ਸੀਨੀਅਰਜ ਕਲੱਬ ਬਰੈਂਪਟਨ ਦੀ ਜਨਰਲ ਮੀਟਿੰਗ 7 ਅਕਟੂਬਰ ਐਤਵਾਰ ਨੂੰ ਬਲੂਓਕ ਪਾਰਕ ਵਿਚ ਸ਼ਾਂ 4 ਵਜੇ ਤੋਂ 6 ਵਜੇ ਤੱਕ ਹੋਈ। ਮੀਟਿੰਗ ਦੀ ਸੁਰੂਆਤ ਕਰਦਿਆਂ ਮਹਿੰਦਰਪਾਲ ਵਰਮਾ ਸੇਕਟਰੀ ਨੇ ਸਾਰੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ। ਮੋਹਨ ਲਾਲ ਵਰਮਾ ਖਜਾਨਚੀ ਨੇ ਸਾਰੇ ਸਾਲ ਦੇ ਆਮਦਨ ਅਤੇ ਖਰਚਿਆ ਦਾ ਹਿਸਾਬ ਪੇਸ਼ ਕੀਤਾ ਅਤੇ ਸਰਬਸੰਮਤੀ ਨਾਲ ਪਾਸ ਹੋਇਆ। ਬਲਵੀਰ ਸਿੰਘ ਚੀਮਾ ਅਤੇ ਮੋਹਨ ਲਾਲ ਵਰਮਾ ਵਲੋਂ ਸ਼ਾਨਦਾਰ ਕਵਿਤਾਵਾਂ ਪੜ੍ਹ ਕੇ ਸਭ ਨੂੰ ਨਿਹਾਲ ਕੀਤਾ। ਸੋਹਣ ਸਿੰਘ ਤੂਰ ਚੇਅਰਮੈਨ ਨੇ ਸਾਰੇ ਸਾਲ ਦੀਆ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਤੇ ਕਮੇਟੀ ਦੀ ਨਵੀਂ ਚੋਣ ਦਾ ਐਲਾਨ ਕੀਤਾ। ਇਹ ਪਿਛਲੇ ਸਾਲ ਵਾਲੀ ਕਮੇਟੀ ਹੀ ਅਗਲੇ ਦੋ ਸਾਲ ਲਈ ਕੰਮ ਕਰੇਗੀ। ਮੋਹਨ ਲਾਲ ਵਰਮਾ ਖਜਾਨਚੀ ਨੇ ਓਪਣੀ ਡਿਊਟੀ ਨਿਭਾਉਣ ਲਈ ਅਸਮਰੱਥਾ ਪਰਗਟ ਕੀਤੀ ਅਤੇ ਸਾਰੇ ਮੈਂਬਰਾਂ ਨੇ ਮਨਜੂਰੀ ਦੇ ਦਿੱਤੀ ਅਤੇ ਓਨ੍ਹਾਂ ਨੂੰ ਮੀਤ ਪ੍ਰਧਾਨ ਦਾ ਅਹੁਦਾ ਸੌਂਪਿਆ ਗਿਆ। ਖਜਾਨਚੀ ਵਾਸਤੇ ਸ. ਗੁਰਮੇਲ ਸਿੰਘ ਚੀਮਾ ਦੀ ਨਿਯੁਕਤੀ ਕੀਤੀ ਗਈ। ਅਮਰੀਕ ਸਿੰਘ ਬਾਸੀ ਨੂੰ ਸੀਨੀਅਰ ਮੀਤ ਪ੍ਰਧਾਨ, ਸ. ਹਰਭਗਵੰਤ ਸਿੰਘ ਸੋਹੀ ਦੀ ਜਗ੍ਹਾ ਥਾਪਿਆ ਗਿਆ, ਜੋ ਕਲੱਬ ਦੇ ਪਰਧਾਨ ਨਿਯੁਕਤ ਕੀਤੇ ਗਏ। ਪਾਰਟੀ ਦਾ ਸਾਰਾ ਖਰਚਾ ਕਲੱਬ ਦੇ ਮੈਂਬਰ ਹਰਦੇਵ ਸਿੰਘ ਥਿਆੜਾ ਵਲੋਂ ਆਪਣੇ ਪੁੱਤਰ ਹਰਪ੍ਰੀਤ ਸਿੰਘ ਤਿਆੜਾ ਦੇ ਵਿਆਹ ਦੀ ਖੁਸ਼ੀ ਵਿਚ ਕੀਤਾ ਗਿਆ। ਕਲੱਬ ਵਲੋਂ ਓਨ੍ਹਾਂ ਨੂੰ ਵਧਾਈ ਦਿੱਤੀ ਗਈ ਅਤੇ ਨਵੀਂ ਵਿਆਹੀ ਜੋੜੀ ਨੂੰ ਪਲੈਕ ਦੇ ਕੇ ਸਨਮਾਨਿਤ ਕੀਤਾ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਮਹੀਨਾਵਾਰੀ ਮੀਟਿੰਗ ਐਤਵਾਰ 21 ਨੂੰ

ਬਰੈਂਪਟਨ, (ਡਾ. ਝੰਡ) -ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਹਰ ਮਹੀਨੇ ਹੋਣ ਵਾਲੀ ਇਕੱਤਰਤਾ 21 ਅਕਤੂਬਰ ਦਿਨ ਐਤਵਾਰ ਨੂੰ ਇਸ ਦੀ ਨਿਸਚਿਤ ਜਗ੍ਹਾ ਐੱਫ਼.ਬੀ.ਆਈ. ਸਕੂਲ ਵਿਖੇ ਬਾਅਦ ਦੁਪਹਿਰ 2.00 ਵਜੇ ਤੋਂ 5.00 ਵਜੇ ਤੱਕ ਹੋਵੇਗੀ। ਇਸ ਮੀਟਿੰਗ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਏ ਪ੍ਰੋ. ਬਲਦੇਵ ਸਿੰਘ ਧਾਲੀਵਾਲ ਕੈਨੇਡਾ ਵਿਚ ਲਿਖੀ ਜਾ ਰਹੀ ਕਹਾਣੀ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ, ਜਦ ਕਿ ਇੱਥੋਂ ਦੇ ਪ੍ਰਸਿੱਧ ਕਵੀ ਸੁਖਮਿੰਦਰ ਰਾਮਪੁਰੀ ਕੈਨੇਡਾ ਦੀ ਪੰਜਾਬੀ ਕਵਿਤਾ ਬਾਰੇ ਆਪਣੇ ਵਿਚਾਰ ਸਾਂਝੇ ਕਰਨਗੇ ਅਤੇ ਇਸ ਮੌਕੇ ਉਹ ਆਪਣੀਆਂ ਪਸੰਦੀਦਾ ਕਵਿਤਾਵਾਂ ਵੀ ਪੇਸ਼ ਕਰਨਗੇ। ਉਪਰੰਤ, ਦੂਸਰੇ ਸੈਸ਼ਨ ਵਿਚ ਕਵੀ-ਦਰਬਾਰ ਹੋਵੇਗਾ ਜਿਸ ਵਿਚ ਹਾਜ਼ਰ ਕਵੀ ਆਪਣੀਆਂ ਕਵਿਤਾਵਾਂ ਤੇ ਗੀਤ ਪੇਸ਼ ਕਰਨਗੇ। ਇਸ ਸਬੰਧੀ ਹੋਰ ਜਾਣਕਾਰੀ ਲਈ 519-709-8586, 905-497-1216 ਜਾਂ 416-904-3500 'ਤੇ ਸੰਪਰਕ ਕੀਤਾ ਜਾ ਸਕਦਾ ਹੈ।

**For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ**



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights (Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal (Certified Electrician) 647-716-2677

**DIXIE** TRUCK & FORKLIFT DRIVING SCHOOL

Registered Private Career College

CLASS A,Z & FORKLIFT TRAINING

Contact Us for Great Results, Early Road Tests & Flexible Timing

- Special Training For Nervous Drivers
- Lady Instructor Available
- One to One Training


Forklift $79
Air Brake
Truck Driving Course

- Counter Balance
- Order Picker
- Raymond Reach
- Walkie
- Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




**Join and Represent Us**

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਅੱਜ ਦਿਨ ਚੜ੍ਹਿਆ ਤੇਰੀ ਭੰਗ ਵਰਗਾ



ਇਸ ਵਾਸਤੇ ਸ਼ਰਾਬ ਵਾਂਗੂੰ ਕਿਸੇ ਘੱਟੋ ਘੱਟ ਮਾਤਰਾ ਤੱਕ ਪੀਤੇ ਹੋਣ ਦੀ ਛੋਟ ਨਹੀਂ ਹੈ। 90 ਦਿਨ ਲਾਇਸੰਸ ਗੁਆਉਣ ਵਾਸਤੇ ਭੰਗ ਦਾ ਅੰਸ਼ ਮਾਤਰ ਵੀ ਤੁਹਾਡੇ ਜਿਸਮ ਵਿੱਚ ਹੋਣਾ ਬਹੁਤੇਰਾ ਹੈ। ਇਸ ਸਟੇਜ ਉੱਤੇ ਨਾ ਹੀ ਇਹ ਗੱਲ ਚਰਚਾ ਦਾ ਵਿਸ਼ਾ ਹੋ ਸਕਦੀ ਹੈ ਕਿ ਇੱਕ ਵਾਰ ਭੰਗ ਪੀਣ ਤੋਂ ਬਾਅਦ ਇਸਦੇ ਅੰਸ਼ ਸਾਡੇ ਜਿਸਮ ਵਿੱਚ ਕਈ ਦਿਨਾਂ ਤੱਕ ਰਹਿ ਜਾਂਦੇ ਹਨ। ਅਸੀਂ ਅੱਜ ਜਸਟਿਨ ਟਰੂਡੋ ਦੇ ਸੱਭ ਤੋਂ ਵੱਡੇ ਮੈਰੀਉਆਨਾ ਜੰਗਜੂ ਬਿੱਲ ਬਲੇਅਰ (ਬਾਰਡਰ ਸਿਕਿਉਰਿਟੀ ਅਤੇ ਆਰਗੇਨਾਈਜ਼ਡ ਕਰਾਈਮ ਬਾਰੇ ਫੈਡਰਲ ਮੰਤਰੀ) ਦੇ 2263 ਕਿੰਗਸਟਨ ਰੋਡ ਟੋਰਾਂਟੋ ਵਿਖੇ ਹੋਣ ਜਾ ਰਹੀ ਰੈਲੀ ਜਾਂ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹੋਣ ਜਾ ਰਹੀਆਂ ਰੈਲੀਆਂ ਦੀ ਵੀ ਨਹੀਂ ਕਰਾਂਗੇ। ਇਹਨਾਂ ਰੈਲੀਆਂ ਨਾਲ ਕੀ ਫ਼ਰਕ ਪੈਣ ਜਾ ਰਿਹਾ ਹੈ? ਜੋ ਦਿਨ ਅੱਜ ਭੰਗ ਦੇ ਰੰਗ ਵਰਗਾ ਚੜਨ ਦੀ ਉਡੀਕ ਕੀਤੀ ਜਾ ਰਹੀ ਸੀ, ਉਹ ਚੜ ਚੁੱਕਾ ਹੈ।

ਪਰ ਸੱਚ ਇਹ ਵੀ ਹੈ ਕਿ ਭੰਗ ਦੇ ਕਨੂੰਨੀ ਹੋਣ ਦਾ ਭਾਵ ਇਹ ਨਹੀਂ ਕਿ ਕਨੂੰਨ ਹੱਥ ਉੱਤੇ ਹੱਥ ਰੱਖ ਕੇ ਬੈਠ ਜਾਵੇਗਾ। ਕਨੂੰਨ ਸਿਰਫ਼ ਭੰਗ ਪੀਣ ਦੀ ਇਜ਼ਾਜ਼ਤ ਦੇਂਦਾ ਹੈ ਪਰ ਇਸਤੋਂ ਪੈਦਾ ਹੋਣ ਵਾਲੀਆਂ ਕਨੂੰਨੀ, ਸਮਾਜਿਕ, ਆਰਥਕ ਅਤੇ ਸੱਭਿਆਚਾਰਕ ਸਮੱਸਿਆਵਾਂ ਤੋਂ ਨਿਜਾਤ ਨਹੀਂ ਬਖਸ਼ਦਾ।

ਭੰਗ ਬਾਰੇ ਜੋ ਗੱਲ ਅਸੀਂ ਅੱਜ ਕਰਨੀ ਹੈ, ਉਹ ਹੈ ਇਸਦੇ ਵਰਤਮਾਨ ਅਤੇ ਭੱਵਿਖ ਦੀਆਂ ਪੀੜੀਆਂ ਉੱਤੇ ਪੈਣ ਵਾਲੇ ਅਸਰ ਦੀ। ਇਹ ਗੱਲ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਇੱਕ ਕੈਨੇਡੀਅਨ ਸਫ਼ਲ ਕਿਸਾਨ ਅਤੇ ਵੱਡੇ ਗਰੀਨ ਹਾਊਸ ਦੇ ਮਾਲਕ ਨਾਲ ਹੋਈ ਗੱਲਬਾਤ ਉੱਤੇ ਆਧਰਿਤ ਹੈ। ਇਸ ਪੰਜਾਬੀ ਕੈਨੇਡੀਅਨ ਨੇ ਐਗਰੀਕਲਚਰ ਵਿੱਚ ਐਮ ਐਸ ਸੀ ਤੋਂ ਇਲਾਵਾ ਖੇਤੀਬਾੜੀ ਅਤੇ ਭੰਗ ਬਾਰੇ ਅੰਤਰਰਾਸ਼ਟਰੀ ਪੱਧਰ ਉੱਤੇ ਖੋਜ ਕੀਤੀ ਹੈ। ਉਸਦੀ ਵਿੱਦਿਆ, ਗਰੀਨ ਹਾਊਸ ਚਲਾਉਣ ਦੇ ਅਨੁਭਵ, ਭੰਗ ਬਾਰੇ ਖੋਜ ਦਾ ਲਾਹਾ ਲੈਣ ਵਾਸਤੇ ਭੰਗ ਉਗਾਉਣ, ਬਣਾਉਣ, ਵੇਚਣ ਅਤੇ ਤਕਸੀਮ ਕਰਨ ਵਾਲੀਆਂ ਕਈ ਕੰਪਨੀਆਂ ਤੋਂ ਅਨੇਕਾਂ ਆਫਰਾਂ ਆ ਰਹੀਆਂ ਹਨ ਕਿ ਭੰਗ ਦੇ ਬਿਜਸਨ ਦੀ ਵਹਿੰਦੀ ਗੰਗਾ ਵਿੱਚ ਹੱਥ ਧੋਣ ਦਾ ਅੱਜ ਜੋ ਵੇਲਾ ਹੈ, ਉਹ ਮੁੜ ਨਹੀਂ ਆਉਣਾ। ਪਰ ਉਸਦੀ ਜ਼ਮੀਰ ਨੇ ਇਜ਼ਾਜਤ ਨਹੀਂ ਦਿੱਤੀ। ਹੁਣ ਉਹ ਗੱਲ ਕਰਦੇ ਹਾਂ ਜਿਸ ਕਾਰਣ ਉਸਦੀ ਜ਼ਮੀਰ ਨੂੰ ਝੋਰਾ ਖਾ ਰਿਹਾ ਹੈ। ਇਸ ਵਿੱਦਵਾਨ ਅਤੇ ਉੱਦਮੀ ਦੀ ਨਿਜੱਤਾ ਦੇ ਮੱਦੇਨਜ਼ਰ ਉਸਦਾ ਨਾਮ ਨਸ਼ਰ ਨਹੀਂ ਕੀਤਾ ਜਾ ਸਕਦਾ।

ਭੰਗ ਇੱਕ accumulator plant ਹੈ ਜਿਸਦਾ ਅਰਥ ਹੈ ਕਿ ਇਸ ਵਿੱਚ ਕੁਦਰਤ ਵੱਲੋਂ ਖ਼ੂਬੀ ਪਾਈ ਗਈ ਹੈ ਕਿ ਇਹ ਆਪਣੇ ਆਲੇ ਦੁਆਲੇ, ਉੱਪਰ ਥੱਲੇ ਦੇ ਵਾਤਾਵਰਣ ਦੇ ਮਹੀਨ ਅੰਸ਼ਾਂ ਨੂੰ ਚੁਣ ਕੇ ਆਪਣੇ ਅੰਦਰ ਖਪਾ ਲੈਂਦਾ ਹੈ। ਜੇ ਉਗਾਈ ਜਾਣ ਵਾਲੀ ਧਰਤੀ ਵਿੱਚ ਪਾਰਾ ਜਾਂ ਹੋਰ ਭਾਰੀ ਧਾਤਾਂ ਪਾਈਆਂ ਜਾਂਦੀਆਂ ਹੋਣ ਤਾਂ ਮੈਰੀਉਆਨਾ ਪਲਾਂਟ ਉਹਨਾਂ ਨੂੰ ਆਪਣੇ ਅੰਦਰ ਸਮੋ ਲੈਂਦਾ ਹੈ ਅਤੇ ਬਾਹਰ ਨਹੀਂ ਜਾਣ ਦੇਂਦਾ। ਬੀਜ ਇਹਨਾਂ ਭਾਰੀ ਧਾਤਾਂ ਨੂੰ ਅੱਗੇ ਤੋਂ ਅੱਗੇ ਲੈ ਤੁਰਦੇ ਹਨ ਅਤੇ ਖਪਤ ਕਰਨ ਦੀ ਸੂਰਤ ਵਿੱਚ ਮਨੁੱਖੀ ਜਿਸਮ ਵਿੱਚ ਛੱਡ ਦੇਂਦੇ ਹਨ ਜੋ ਕੈਂਸਰ ਵਰਗੀਆਂ ਖਤਰਨਾਕ ਬਿਮਾਰੀਆਂ ਦਾ ਕਾਰਣ ਬਣਦੇ ਹਨ।

1986 ਵਿੱਚ ਰੂਸ (ਅੱਜ ਕੱਲ ਯੂਕਰੇਨ) ਵਿੱਚ ਚੈਰਨੋਬਿਲ ਨਿਊਕਲੀਅਰ ਪਾਵਰ ਪਲਾਂਟ (Chernobyl Nuclear Power Plant) ਵਿੱਚ ਧਮਾਕਾ ਹੋਣ ਨਾਲ ਖਤਰਨਾਕ ਨਿਊਕਲੀਅਰ ਅੰਸ਼ ਧਰਤੀ ਵਿੱਚ ਖਿੱਲਰ ਪੱਸਰ ਗਏ ਸਨ। ਸਿੱਟੇ ਵਜੋਂ 10 ਲੱਖ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹੋਏ। ਇਸਦੀ ਮਾਰ ਵਿੱਚ ਆਏ 100 ਕਿਲੋਮੀਟਰ ਵਰਗ ਖੇਤਰਫਲ ਧਰਤੀ ਦੀ ਸ਼ੁੱਧਤਾ ਵਾਸਤੇ ਵੱਡੀ ਗਿਣਤੀ ਵਿੱਚ ਵੱਡੀ ਗਿਣਤੀ ਵਿੱਚ ਮੈਰੀਉਆਨਾ ਪਲਾਂਟ ਲਾਏ ਗਏ ਸਨ। accumulator plant ਹੋਣ ਨਾਤੇ ਇਹਨਾਂ ਨੇ ਐਕਟਿਵ ਨਿਊਕਲੀਅਰ ਤੱਤਾਂ ਨੂੰ ਚੂਸ ਜੋ ਲੈਣਾ ਸੀ। ਉਹ ਤੱਤ ਜੋ ਮਨੁੱਖ ਨੂੰ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਗ੍ਰਸਤ ਕਰਦੇ ਹਨ।

ਪੰਜਾਬ ਵਿੱਚ ਲੁਧਿਆਣੇ ਦਾ ਬੁੱਢਾ ਨਾਲੇ ਲਈ ਉਸਦੇ ਕਿਨਾਰਿਆਂ ਦੁਆਲੇ ਕੁਦਰਤ ਵੱਲੋਂ ਉੱਗੀ ਭੰਗ ਦੀ ਸੰਘਣੀ ਫਸ਼ਲ ਬੁੱਢੇ ਨਾਲੇ ਵਿੱਚ ਪਾਏ ਜਾਂਦੇ ਪਾਰੇ ਦੇ ਤੱਤਾਂ ਨੂੰ ਚੂਸਣ ਲਈ ਕੁਦਰਤ ਦਾ ਪੈਦਾ ਕੀਤਾ ਪ੍ਰਤੀਕਰਮ ਹੈ। ਕੁਦਰਤ ਨੂੰ ਆਪਣਾ ਕਾਰਜ ਕਰਨ ਕਰਨ ਲਈ ਸਾਇੰਸੀ ਖੋਜ ਦੀ ਲੋੜ ਨਹੀਂ, ਉਹ ਖੁਦ ਆਪਣਾ ਰਾਹ ਤਿਆਰ ਕਰ ਲੈਂਦੀ ਹੈ। ਪਰ ਜੇ ਕੋਈ ਵਿਅਕਤੀ ਉਹਨਾਂ ਭੰਗ ਦੇ ਬੂਟਿਆਂ ਦਾ ਕਿਸੇ ਵੀ ਰੂਪ ਵਿੱਚ ਸੇਵਨ ਕਰੇਗਾ, ਉਸ ਨਾਲ ਕੀ ਹੋਵੇਗਾ, ਇਹ ਸੋਚਿਆ ਹੀ ਜਾ ਸਕਦਾ ਹੈ।

ਭੰਗ ਦੇ accumulator plant ਹੋਣ ਬਾਰੇ, ਭੰਗ ਦੇ ਬੀਜਾਂ ਦੇ ਕੈਨੇਡਾ ਵਿੱਚ ਬਾਹਰਲੇ ਮੁਲਕਾਂ ਵਿੱਚੋਂ ਆਉਣ ਬਾਰੇ ਅਤੇ ਉਹਨਾਂ ਦੇ ਪਾਰੇ ਜਾਂ ਹੋਰ ਭਾਰੀ ਧਾਤਾਂ ਨਾਲ ਲਬਰੇਜ਼ ਹੋਣ ਬਾਰੇ ਕੋਈ ਤੱਥ ਕਿਸੇ ਸਰਕਾਰੀ ਜਾਂ ਕਾਰਪੋਰੇਟ ਜਗਤ ਦੇ ਅਧਿਕਾਰੀਆਂ ਵੱਲੋਂ ਦਿੱਤਾ ਨਹੀਂ ਜਾ ਰਿਹਾ। ਇਸ ਬਾਰੇ ਗੱਲ ਹੀ ਨਹੀਂ ਕੀਤੀ ਜਾ ਰਹੀ। ਵਿਗੜੇ ਬੀਜਾਂ ਨਾਲ ਕੈਨੇਡੀਅਨ ਧਰਤੀ ਅਤੇ ਕੈਨੇਡੀਅਨ ਲੋਕਾਂ ਦੇ ਵਰਤਮਾਨ ਅਤੇ ਭੱਵਿਖ ਵਿੱਚ ਹੋਣ ਵਾਲੇ ਨੁਕਸਾਨ ਬਾਰੇ ਚਰਚਾ ਤੱਕ ਨਾ ਹੋਣਾ ਅੱਜ ਦੇ ਦਿਨ ਦਾ ਸੰਤਾਪ ਹੈ। ਸੱਭ ਅੱਖਾਂ ਬੰਦ ਕਰਕੇ ਭੰਗ ਨੂੰ ਬਜ਼ਾਰੀਕਰਨ ਵੱਲ ਧੱਕੀ ਜਾ ਰਹੇ ਹਨ। ਅੰਨ੍ਹਿਆਂ ਵਰਗੀ ਹਾਲਤ ਹੋਈ ਜਾਪਦੀ ਹੈ। ਨੇਤਰਾਂ ਪੱਖੋਂ ਅੰਨ੍ਹੀ ਪਰ ਗਿਆਨ ਪੱਖੋਂ ਗਿਆਨਵਾਨ ਲੇਖਤਾ ਹੈਲਨ ਕੀਲਰ ਦਾ ਕਥਨ ਕਿੰਨਾ ਸੱਚ ਢੁਕਿਆ ਜਾਪਦਾ ਹੈ, "ਅੰਨੇ ਹੋਣ ਨਾਲੋਂ ਵੀ ਮਾੜੀ ਗੱਲ ਹੈ ਕਿ ਵਿਅਕਤੀ ਕੋਲ ਦੂਰਦ੍ਰਿਸ਼ਟੀ ਦਾ ਨਾ ਹੋਣਾ"। ਇਸ ਕਥਨ ਨੂੰ ਚੀਅਰਜ਼ ਕਰਨਾ ਹੈ ਜਾਂ ਸ਼ੇਮ, ਮਰਜ਼ੀ ਆਪੋ ਆਪਣੀ!

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਬਾਦਲਾਂ ਨਾਲ ਨਾਰਾਜ਼ ਮਾਝੇ ਦੇ ਅਕਾਲੀ ਆਗੂਆਂ ਦਾ ਕਾਫ਼ਲਾ ਹੋਰ ਵਧਿਆ

...ਪੰਨਾ 1 ਦਾ ਬਾਕੀ

ਪਿੰਡ ਨਿੱਕੇ ਘੁੰਮਣ ਵਿਖੇ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਦੀ ਆਮਦ ਦੇ ਵਿਰੋਧ ਨੂੰ ਵੀ ਉਨ੍ਹਾਂ ਨੇ ਮੰਦ ਭਾਗਾ ਕਿਹਾ ਹੈ।
ਮਿਲੀ ਜਾਣਕਾਰੀ ਮੁਤਾਬਕ ਇਹ ਸਾਰੇ ਆਗੂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਜਾਣ ਤੋਂ ਪਹਿਲਾਂ ਬ੍ਰਹਮਪੁਰਾ ਦੇ ਘਰ ਇਕੱਠੇ ਹੋਏ ਅਤੇ ਆਪਸੀ ਗੱਲਬਾਤ ਹੋਈ। ਫਿਰ ਇਹ ਸਾਰੇ ਮਿਥੇ ਪ੍ਰੋਗਰਾਮ ਮੁਤਾਬਕ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਗਏ। ਪਤਾ ਲੱਗਾ ਹੈ ਕਿ ਅਗਲੇ ਕੁਝ ਦਿਨਾਂ ਵਿਚ ਕੋਈ ਮੀਟਿੰਗ ਕੀਤੀ ਜਾ ਰਹੀ ਹੈ, ਜਿਸ ਵਿਚ ਮਾਝੇ ਤੋਂ ਬਿਨਾ ਮਾਲਵੇ ਅਤੇ ਦੁਆਬੇ ਤੋਂ ਵੀ ਨਿਰਾਸ਼ ਅਤੇ ਨਾਰਾਜ਼ ਅਕਾਲੀ ਆਗੂ ਆ ਸਕਦੇ ਹਨ, ਜਿਨ੍ਹਾਂ ਨਾਲ ਇਨ੍ਹਾਂ ਦਾ ਸੰਪਰਕ ਬਣਿਆ ਹੋਇਆ ਹੈ। ਢਾਡੀ ਸਭਾ ਦੇ ਮੈਂਬਰ ਬਲਦੇਵ ਸਿੰਘ ਐਮ ਏ ਨੇ ਕਿਹਾ ਕਿ ਉਹ ਸ਼ੁਰੂ ਤੋਂ ਹੀ ਬ੍ਰਹਮਪੁਰਾ ਅਤੇ ਡਾ. ਅਜਨਾਲਾ ਦੇ ਨਾਲ ਹਨ। ਉਨ੍ਹਾਂ ਆਖਿਆ ਕਿ ਢਾਡੀ ਸਭਾ ਕੱਲ੍ਹ ਬਰਗਾੜੀ ਮੋਰਚੇ ਵਿਚ ਸ਼ਾਮਲ ਹੋਈ ਸੀ।

# ਗੋਆ 'ਚ ਭਾਜਪਾ ਸਰਕਾਰ ਡੇਗਣ ਲੱਗੀ ਕਾਂਗਰਸ ਖੁਦ ਝਟਕਾ ਖਾ ਬੈਠੀ

...ਪੰਨਾ 1 ਦਾ ਬਾਕੀ

ਏਥੋਂ ਦੀ ਕਾਂਗਰਸ ਦੇ ਦੋ ਵਿਧਾਇਕਾਂ ਨੇ ਅੱਜ ਮੰਗਲਵਾਰ ਨੂੰ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਦਿਤਾ ਤੇ ਭਾਜਪਾ ਵਿੱਚ ਸ਼ਾਮਲ ਹੋ ਗਏ। ਵਿਧਾਨ ਸਭਾ ਦੇ ਸਪੀਕਰ ਪ੍ਰਮੋਦ ਸਾਵੰਤ ਨੇ ਇਸ ਦੀ ਬਾਕਾਇਦਾ ਜਾਣਕਾਰੀ ਦਿਤੀ ਹੈ।
ਕਾਂਗਰਸ ਪਾਰਟੀ ਦੇ ਦੋ ਵਿਧਾਇਕਾਂ ਦਾ ਅਸਤੀਫ਼ਾ ਉਸ ਲਈ ਵੱਡਾ ਝਟਕਾ ਹੈ, ਕਿਉਂਕਿ ਇਸ ਤਰ੍ਹਾਂ 40 ਮੈਂਬਰੀ ਵਿਧਾਨ ਸਭਾ ਵਿੱਚ ਉਸ ਦੇ ਮੈਂਬਰਾਂ ਦੀ ਗਿਣਤੀ 16 ਤੋਂ ਘਟ ਕੇ 14 ਰਹਿ ਗਈ ਤੇ ਰਾਜ ਦੀ ਸਭ ਤੋਂ ਵੱਡੀ ਪਾਰਟੀ ਦਾ ਦਰਜਾ ਵੀ ਉਸ ਕੋਲੋਂ ਖੁੱਸ ਗਿਆ ਹੈ। ਵਿਧਾਨ ਸਭਾ 'ਚ ਮੌਜੂਦਾ ਮੈਂਬਰਾਂ ਦੀ ਗਿਣਤੀ ਵੀ ਘਟ ਕੇ 38 ਹੋ ਗਈ ਹੈ।
ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਰਾਤ ਦਿੱਲੀ ਗਏ ਸੁਭਾਸ਼ ਸ਼ਿਰੋਡਕਰ ਅਤੇ ਦਿਆਨੰਦ ਸੋਪਤੇ ਨੇ ਵਿਧਾਨ ਸਭਾ ਦੇ ਸਪੀਕਰ ਪ੍ਰਮੋਦ ਸਾਵੰਤ ਨੂੰ ਅਪਣਾ ਅਸਤੀਫ਼ਾ ਫ਼ੈਕਸ ਕਰ ਦਿਤਾ ਸੀ। ਇਸ ਨਾਲ ਗੋਆ ਵਿੱਚ ਅਪਣੀ ਗਠਜੋੜ ਸਰਕਾਰ ਦੇ ਮਾਮੂਲੀ ਬਹੁਮੱਤ ਨੂੰ ਪੱਕਾ ਕਰਨ ਦੀਆਂ ਭਾਜਪਾ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਵਿਚਕਾਰ ਸੂਬਾ ਵਿਧਾਨ ਸਭਾ ਤੋਂ ਅਸਤੀਫ਼ਾ ਦੇਣ ਵਾਲੇ ਇਨ੍ਹਾਂ ਵਿਧਾਇਕਾਂ ਨੇ ਅੱਜ ਸ਼ਾਮ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿਤਾ। ਭਾਜਪਾ ਸੂਤਰਾਂ ਅਨੁਸਾਰ ਵਿਰੋਧੀ ਧਿਰ ਦੇ ਕੁਝ ਹੋਰ ਵਿਧਾਇਕ ਵੀ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ।
ਵਰਨਣ ਯੋਗ ਹੈ ਕਿ ਗੋਆ ਦੇ ਮੁੱਖ ਮੰਤਰੀ ਪਾਰੀਕਰ ਬਿਮਾਰ ਹੋਣ ਕਰ ਕੇ ਭਾਜਪਾ ਦੇ ਕੁਝ ਸਹਿਯੋਗੀਆਂ ਵਿੱਚ ਬੇਚੈਨੀ ਦੀ ਸਥਿਤੀ ਹੈ। ਕਾਂਗਰਸ ਵੀ ਮੌਜੂਦਾ ਸਰਕਾਰ ਡੇਗ ਕੇ ਅਪਣੀ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ 'ਚ ਹੈ। ਉਸ ਨੇ ਅੱਜ ਕਿਹਾ ਕਿ ਦੋ ਵਿਧਾਇਕਾਂ ਦੇ ਅਸਤੀਫ਼ੇ ਦੇ ਬਾਵਜੂਦ ਉਹ ਗੋਆ ਵਿੱਚ ਬਦਲਵੀਂ ਸਰਕਾਰ ਬਣਾਉਣ ਦੀ ਕੋਸ਼ਿਸ਼ ਜਾਰੀ ਰੱਖੇਗੀ ਅਤੇ ਵਿਰੋਧੀ ਧਿਰ ਦੇ ਲੋਕਾਂ ਨਾਲ ਸੰਪਰਕ ਵਿੱਚ ਹੈ।

# ਇਕਬਾਲ ਸਿੰਘ ਵਿਰਕ ਵੱਲੋਂ ਆਯੋਜਤ ਮੀਟਿੰਗ ਵਿੱਚ ਅਹਿਮ ਫੈਸਲਾ




ਪੈਰਟੀ ਸੀਨੀਅਰ ਕਲੱਬ ਦੇ ਪ੍ਰਧਾਨ ਕੈਪਟਨ ਇਕਬਾਲ ਸਿੰਘ ਵਿਰਕ ਰਾਹੀਂ ਅਯੋਜਿਤ ਮੀਟਿੰਗ ਵਿਚ 14 ਅਕਤੂਬਰ 2018 ਨੂੰ ਇਕ ਅਹਿਮ ਫੈਸਲਾ ਲਿਆ ਗਿਆ। ਸਭ ਨੇ ਇਸ ਫੈਸਲੇ ਨਾਲ ਸਹਿਮਤੀ ਦਿਤੀ। ਸਾਡੇ ਭਾਈਚਾਰੇ ਵਿਚ ਕਿਸੇ ਵੀ ਰਾਜਨੀਤਕ ਪੋਸਟ ਦੀ ਅਲੈਕਸ਼ਨ ਵਾਸਤੇ ਕੈਂਡੀਡੇਟਸ ਦੀ ਹਮੇਸ਼ਾ ਹੋੜ ਲਗ ਜਾਂਦੀ ਹੈ। ਕੋਈ ਕਿਸੇ ਦੀ ਸੁਣਦਾ ਹੀ ਨਹੀਂ। ਇਸ ਹੋੜ ਨੂੰ ਰੋਕਣ ਲਈ ਇਕੋ ਇਕ ਉਪਾ ਹੈ ਜੋ ਵੋਟਰਾਂ ਦਾ ਮੌਲਿਕ ਅਧਿਕਾਰ ਹੈ। ਜਿਸ ਪੋਸਟ ਵਾਸਤੇ ਵੀ ਇਕ ਤੋਂ ਵਧ ਪੰਜਾਬੀ ਖੜੇ ਹੋਏ ਹੋਣ, ਉਥੇ ਕਿਸੇ ਵੀ ਪੰਜਾਬੀ ਨੂੰ ਵੋਟ ਨਾ ਪਾਈ ਜਾਵੇ। ਸਗੋਂ ਕਿਸੇ ਯੋਗ ਗੈਰ ਪੰਜਾਬੀ ਨੂੰ ਵੋਟ ਪਾ ਦਿਤੀ ਜਾਵੇ। ਇਸੇ ਫੈਸਲੇ ਮੁਤਾਬਿਕ ਨਵੰਬਰ ਵਿਚ ਫਲਾਵਰ ਸਿਟੀ ਦੀ ਮੀਤ ਪ੍ਰਧਾਨਗੀ ਵਾਸਤੇ ਜੇਕਰ ਪੰਜਾਬੀ ਕੈਂਡੀਡੇਟਸ ਇਕ ਤੋਂ ਵਧ ਖੜ੍ਹਨਗੇ ਤਾਂ ਵੋਟ ਗੋਰੇ ਨੂੰ ਪਾ ਦਿਤੀ ਜਾਵੇਗੀ ਜਿਸ ਨੂੰ ਸਭਾ ਦਾ ਲੰਬਾ ਚੌੜਾ ਤਜ਼ੁਰਬਾ ਹੈ। ਇਸ ਮੀਟਿੰਗ ਵਿਚ ਮੁਅਜਜ਼ ਸੱਜਨਾਂ ਤੋਂ ਬਿਨਾ ਬੀਬੀ ਗੁਰਪ੍ਰੀਤ ਬੈਂਸ ਵੀ ਹਾਜਰ ਹੋਏ ਜੋ ਵਾਰਡ 2 ਅਤੇ 6 ਤੋਂ ਰਿਜਨਲ ਕਊਂਸਲ ਲਈ ਚੋਣ ਲੜ ਰਹੇ ਹਨ। ਮਦਦ ਲਈ ਸਹਿਮਤੀ ਕੀਤੀ ਗਈ। ਜਾਣਕਾਰੀ ਲਈ ਫੋਨ ਹੈ ਵਿਰਕ-647 631 9445

# ਹਰਿਆਣਾ ਦੇ ਬਹੁ-ਚਰਚਿਤ 'ਸੰਤ ਰਾਮਪਾਲ' ਨੂੰ ਮਰਨ ਤੱਕ ਦੀ ਉਮਰ ਕੈਦ

...ਪੰਨਾ 1 ਦਾ ਬਾਕੀ

ਅੱਜ ਇਸ ਕੇਸ ਵਿਚ ਸਜ਼ਾ ਦਾ ਫ਼ੈਸਲਾ ਦੇ ਦਿਤਾ ਗਿਆ ਹੈ। ਉਮਰ ਕੈਦ ਦੇ ਇਲਾਵਾ ਰਾਮਪਾਲ ਉਤੇ ਇਕ ਲੱਖ ਰੁਪਏ ਜ਼ੁਰਮਾਨਾ ਵੀ ਲਾਇਆ ਗਿਆ ਹੈ। ਸਜ਼ਾ ਦੇ ਇਸ ਐਲਾਨ ਨੂੰ ਦੇਖਦੇ ਹੋਏ ਸਰਕਾਰ ਨੇ ਪਹਿਲਾਂ ਹੀ ਜੇਲ੍ਹ ਦੇ ਆਸਪਾਸ ਦੀ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿਤੇ ਸਨ।
ਮਿਲੀ ਜਾਣਕਾਰੀ ਅਨੁਸਾਰ ਜਿਹੜੇ ਕੇਸਾਂ ਵਿਚ ਰਾਮਪਾਲ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿਚ ਪਹਿਲਾ ਮਾਮਲਾ ਇਕ ਮਹਿਲਾ ਭਗਤ ਦੇ ਕਤਲ ਨਾਲ ਜੁੜਿਆ ਹੈ, ਜਿਸ ਦੀ ਲਾਸ਼ 18 ਨਵੰਬਰ 2014 ਨੂੰ ਰਾਮਪਾਲ ਦੇ ਆਸ਼ਰਮ ਵਿੱਚੋਂ ਮਿਲੀ ਸੀ। ਦੂਸਰਾ ਕੇਸ ਹਿੰਸਾ ਨਾਲ ਜੁੜਿਆ ਹੈ, ਜਦੋਂ ਰਾਮਪਾਲ ਦੇ ਵੱਡੀ ਗਿਣਤੀ ਭਗਤਾਂ ਨੇ ਰਾਮਪਾਲ ਨੂੰ ਗ੍ਰਿਫ਼ਤਾਰ ਕਰਨ ਆਈ ਪੁਲਿਸ ਨਾਲ ਕਈ ਦਿਨਾਂ ਤਕ ਟੱਕਰ ਲਈ ਸੀ। ਇਸ ਹਿੰਸਾ ਵਿਚ ਚਾਰ ਔਰਤਾਂ ਤੇ ਇਕ ਬੱਚੇ ਦੀ ਮੌਤ ਹੋ ਗਈ ਸੀ। ਉਸ ਤੋਂ ਬਾਅਦ ਰਾਮਪਾਲ ਨੂੰ ਨਵੰਬਰ 2014 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਹ ਉਦੋਂ ਤੋਂ ਰਾਮਪਾਲ (67 ਸਾਲ) ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ।
ਅਸਲ ਵਿੱਚ ਰਾਮਪਾਲ ਨੂੰ ਅਦਾਲਤ ਦੇ ਹੁਕਮ ਉੱਤੇ ਗ੍ਰਿਫ਼ਤਾਰ ਕਰਨ ਦੇ ਲਈ ਹਰਿਆਣਾ ਪੁਲਿਸ ਨੂੰ ਕਾਫ਼ੀ ਜੱਦੋ ਜਹਿਦ ਕਰਨੀ ਪਈ ਸੀ। ਉਸ ਦੇ ਪੈਰੋਕਾਰਾਂ ਨੇ ਕਈ ਦਿਨ ਪੁਲਿਸ ਨੂੰ ਡੇਰੇ ਵਿਚ ਨਹੀਂ ਸੀ ਵੜਨ ਦਿਤਾ ਤੇ ਇਕ ਤਰ੍ਹਾਂ ਪੈਰੋਕਾਰਾਂ ਅਤੇ ਪੁਲਿਸ ਵਿਚਾਲੇ ਜੰਗ ਛਿੜ ਗਈ ਸੀ ਅਤੇ 18 ਦਿਨਾਂ ਬਾਅਦ ਪੁਲਿਸ ਰਾਮਪਾਲ ਨੂੰ ਗ੍ਰਿਫ਼ਤਾਰ ਕਰਨ 'ਚ ਕਾਮਯਾਬ ਹੋਈ ਸੀ। ਇਸ ਸਾਰੀ ਕਾਰਵਾਈ ਵਿਚ ਹਰਿਆਣਾ ਪੁਲਿਸ ਦੇ 50 ਕਰੋੜ ਤੋਂ ਵੱਧ ਰੁਪਏ ਖ਼ਰਚ ਹੋਏ ਸਨ ਤੇ 6 ਲੋਕਾਂ ਦੀ ਮੌਤ ਹੋਣ ਦੇ ਨਾਲ 250 ਤੋਂ ਵੱਧ ਲੋਕ ਜ਼ਖ਼ਮੀ ਹੋਏ ਸਨ। ਹਰਿਆਣਾ ਵਿਚਲੇ ਕਿਸੇ ਵੱਡੇ ਡੇਰੇ ਉੱਤੇ ਪੁਲਸ ਕਾਰਵਾਈ ਦਾ ਇਹ ਪਹਿਲਾ ਕੇਸ ਸੀ। ਇਸ ਤੋਂ ਕਾਫ਼ੀ ਸਮਾਂ ਬਾਅਦ ਡੇਰਾ ਸਿਰਸਾ ਦੀ ਕਾਰਵਾਈ ਹੋਈ ਸੀ।


# ਸੇਵਾਦਲ ਦੇ ਹਿਸਾਬ ਕਿਤਾਬ ਦੀ ਜਿੰਮੇਦਾਰੀ ਇਕ ਮਸ਼ਹੂਰ ਪ੍ਰੋਫੈਸ਼ਨਲ ਕੰਪਨੀ ਨੇ ਸੰਭਾਲੀ





ਸੀਨੀਅਰ ਸੋਸ਼ਿਲ ਸਰਵਿਸਜ਼ ਗਰੁਪ ਦੀ ਇਕ ਵਿਸ਼ੇਸ਼ ਮੀਟਿੰਗ 5 ਅਕਤੂਬਰ 2018 ਨੂੰ ਐਫ ਬੀ ਆਈ ਸਕੂਲ ਵਿਚ ਹੋਈ। ਮੀਟਿੰਗ ਵਿਚ ਕੁਝ ਅਹਿਮ ਜਾਣਕਾਰੀਆ ਦਿਤੀਆਂ ਗਈਆਂ। ਸੇਵਾਦਲ ਕੋਲ ਲੋਕਾਂ ਦਾ ਪੈਸਾ ਜਮਾਹ ਹੈ ਅਤੇ ਅਸੋਸੀਏਸ਼ਨ ਨਾਲ ਝਗੜੇ ਕਾਰਣ 17460 ਡਾਲਰ ਫਰੀਜ਼ ਵੀ ਹੋਇਆ ਪਿਆ ਹੈ। ਇਸ ਸਭ ਕੁਝ ਦੀ ਜਿਮੇਦਾਰੀ ਲਈ ਇਕ ਪ੍ਰੋਫੈਸ਼ਨਲ ਕੰਪਨੀ ਨੂੰ ਚੁਣਿਆ ਗਿਆ ਹੈ। ਨਾਮ ਹੈ ਚਾਂਦਕਪੂਰ ਸੀਪੀਏ ਪਰੋਫੈਸਲਨਲ ਕਾਰਪੋਰੇਸ਼ਨ। ਇਸਦੇ ਸੰਚਾਲਕ ਚੰਦਰਾਕਰ ਕਪੂਰ ਸੇਵਾਦਲ ਦੇ ਨਵੇਂ ਅਡਹਾਕ ਪ੍ਰਧਾਨ ਹੋਣਗੇ ਜੋ ਨਵੇਂ ਸਾਲ ਤੋਂ ਚਾਰਜ ਲੈਣਗੇ। ਉਦੋਂ ਤਕ ਸਾਰਾ ਹਿਸਾਬ ਕਿਤਾਬ ਵੇਖਿਆ ਜਾਵੇਗਾ। ਕਪੂਰ ਸਾਹਿਬ ਇਕ ਚਾਰਟਿਡ ਅਕਾਊਂਟੈਂਟ ਹਨ।
ਇਸੇ ਮੀਟੰਗ ਵਿਚ ਮਸ਼ਹੂਰ ਸੋਸ਼ਿਲ ਵਰਕਰ ਦਿਲਬੀਰ ਸਿੰਘ ਕੰਬੋਜ ਰਾਹੀ ਇਕ ਨਵੀਂ ਪਟੀਸ਼ਨ ਦੀ ਕਾਪੀ ਐਮਪੀਪੀ ਗੁਰਰਤਨ ਸਿੰਘ ਦੇ ਦਫਤਰ ਨੂੰ ਦਿਤੀ ਗਈ। ਪ੍ਰਾਪਤ ਕਰਨ ਲਈ ਦਫਤਰ ਵਲੋਂ ਉਨ੍ਹਾ ਦਾ ਪ੍ਰਤੀਨਿਧੀ ਤਨਵੀਰ ਸਿੰਘ ਖੁਦ ਮੀਟਿੰਗ ਵਿਚ ਆਏ। ਸਭ ਨੂੰ ਪਤਾ ਹੈ ਕਿ ਦਿਲਬੀਰ ਸਿੰਘ ਕੰਬੋਜ ਉਹ ਸਖਸ਼ ਹੈ ਜਿਸਦੀ ਅਣਥੱਕ ਮਿਹਨਤ ਸਦਕਾ ਬ੍ਰੈਂਪਟਨ ਵਿਚ ਯੂਨੀਵਰਸਟੀ ਮੰਨਜੂਰ ਹੋਈ ਹੈ।
ਹੁਣ ਉਨ੍ਹਾ ਦੀ ਦੂਸਰੀ ਪਟੀਸ਼ਨ ਬ੍ਰੈਂਪਟਨ ਵਿਚ ਇਕ ਨਵੇਂ ਹਸਪਤਾਲ ਲਈ ਹੈ ਜੋ ਬੀਮਾਰਾ ਦੀ ਟਰੀਟਮੈਂਟ ਦੇ ਨਾਲ ਨਾਲ ਇਕ ਮੈਡੀਕਲ ਇਨਸਟੀਚਿਊਟ ਵੀ ਹੋਵੇ। ਇਸ ਸਿਲਸਿਲੇ ਵਿਚ ਕੰਬੋਜ ਸਾਹਿਬ, ਇਕ ਪਟੀਸ਼ਨ ਐਮਪੀਪੀ ਪ੍ਰਭਮੀਤ ਸਿੰਘ ਸਰਕਾਰੀਆ ਨੂੰ ਵੀ ਦੇ ਚੁਕੇ ਹਨ। ਇਸਤੋਂ ਇਲਾਵਾ 2 ਅਕਤੂਬਰ ਨੂੰ ਫਲਾਵਰ ਸਿਟੀ ਸੀਨੀਅਰ ਸੈਂਟਰ ਵਿਖੇ ਹਿਮਾਇਤ ਵਾਸਤੇ ਪਤਾ ਵੀ ਪਾਸ ਕਰਵਾ ਚੁਕੇ ਹਨ। ਮੀਟਿੰਗ ਵਿਚ ਫਾਰਿਨ ਇਨਕਮ ਵਾਰੇ ਵੀ ਚਰਚਾ ਹੋਈ। ਪਿਛਲੇ ਦਿਨਾਂ ਦੀਆ ਪੰਜਾਬੀ ਅਖਬਾਰੀ ਰੀਪੋਰਟਾਂ ਆਖਦੀਆ ਹਨ ਕੁਝ ਸੀਨੀਅਰ ਕਲੱਬਾ ਦਾ ਬਫਦ ਐਪੀਜ਼ ਕੋਲੋਂ ਡੀਮਾਂਡ ਕਰ ਰਿਹਾ ਕਿ ਫਾਰਨ ਪ੍ਰਾਪਰਟੀ ਦੀ ਇਕ ਲੱਖ ਡਾਲਰ ਕੀਮਤ ਵਾਲੀ ਰਾਸ਼ੀ ਵਧਾਕੇ ਇਕ ਮਿਲੀਅਨ ਕੀਤੀ ਜਾਵੇ। ਯਾਦ ਰਹੇ ਕਿ ਇਹ ਡੀਮਾਂਡ ਬਹੁਤ ਪੁਰਾਣੀ ਹੋ ਗਈ ਹੈ ਹੁਣ ਇਸ ਵਿਚ ਇਹ ਮੰਗਿਆ ਜਾ ਰਿਹਾ ਹੈ ਕਿ ਘਟੋ ਘਟ ਬਦੇਸ਼ੀ ਆਮਦਣ ਰਾਸ਼ੀ ਵੀ ਦਸੀ ਜਾਵੇ। ਬਜ਼ੁਰਗ ਸੇਵਾਦਲ ਇਹ ਡੀਮਾਂਡ ਪਿਛਲੇ ਤਿੰਨ ਸਾਲਾ ਤੋਂ ਕਰ ਰਿਹਾ ਹੈ। ਸਭ ਐਮਪੀਜ਼ ਨਾਲ ਗਲ ਹੋ ਚੁਕੀ ਹੈ। ਐਪੀ ਕਮਲ ਖਹਿਰਾ ਇਸ ਉਪਰ ਸਰਗਰਮੀ ਨਾਲ ਕੰਮ ਵੀ ਕਰ ਰਹੀ ਹੈ। ਇਕੋ ਭਾਈਚਾਰੇ ਵਲੋਂ ਇਕੋ ਗਲ ਨੂੰ ਦੋ ਤਰੀਕਿਆ ਨਾਲ ਕਰਨਾ ਅਥਾਰਟੀਜ਼ ਲਈ ਭੰਬਲਭੂਸਾ ਪੈਦਾ ਕਰੇਗਾ। ਜੇਕਰ ਘਟੋ ਘਟ ਬਦੇਸ਼ੀ ਆਮਦਣ ਦੀ ਗਲ ਕੀਤੀ ਜਾਵੇ ਤਾਂ ਭਾਰਤੀ ਪੈਨਸ਼ਨਰਜ਼ ਸੇਫ ਹੋ ਜਾਣਗੇ। ਦੂਸਰਾ, 2480 ਡਾਲਰ ਪਾਵਰਟੀ ਲਾਈਨ ਦਾ ਜ਼ਿਕਰ ਕਿਸੇ ਦੇ ਸਮਝ ਵਿਚ ਨਹੀਂ ਆ ਰਿਹਾ। ਪਾਵਰਟੀ ਲਾਈਨ 24175 ਸਲਾਨਾ ਤੋਂ ਵਧਕੇ 32000 ਪਹਿਲੋਂ ਹੀ ਹੋ ਚੁਕੀ ਹੈ ਜੋ ਕਿ ਸੂਬੇ ਦੇ ਅਖਤਿਆਰ ਵਿਚ ਸੀ ਅਤੇ ਸਾਬਕਾ ਐਮਪੀਪੀ ਅਮ੍ਰਿਤ ਮਾਂਗਟ ਨੇ ਕਰਵਾ ਦਿਤੀ ਸੀ। ਮੀਟਿੰਗ ਵਿਚ ਇਹ ਵੀ ਦਸਿਆ ਗਿਆ ਕਿ ਸੇਵਾਦਲ ਵਲੋਂ ਚਲ ਰਿਹਾ 'ਰਾਈਡ ਪ੍ਰੋਜੈਕਟ' ਬੜੀ ਕਾਮਯਾਬੀ ਨਾਲ ਚਲ ਰਿਹਾ ਹੈ। ਤਕਰੀਬਨ 10 ਵਲੰਟੀਅਰ ਡਰਾਈਵਰਜ਼ ਅਤੇ ਇਤਨੇ ਕੁ ਹੀ ਰਾਈਡਰਜ਼ ਰਜਿਸਟਰ ਹੋ ਚੁਕੇ ਹਨ। ਹੁਣ ਤਕ ਕੋਈ 30 ਤੋਂ ਵਧ ਰਾਈਡਾ ਦਿਤੀਆਂ ਜਾ ਚੁਕੀਆ ਹਨ। ਯਾਦ ਰਹੇ ਇਹ ਰਾਈਡਾਂ ਉਨ੍ਹਾ ਸੀਨੀਅਰਜ਼ ਲਈ ਹਨ ਜਿਨ੍ਹਾ ਕੋਲ ਵਿਸ਼ੇਸ਼ ਪ੍ਰੋਗਰਾਮਾ/ਇੰਟਰਵੀਊਆ ਖਾਤਰ ਜਾਂ ਮੈਡੀਕਲ ਅਪੁਇੰਟਮੈਂਟਾਂ ਵਾਸਤੇ ਪਹੁੰਚਣ ਲਈ ਕੋਈ ਕਾਰ ਸੁਵੀਧਾ ਨਹੀਂ ਹੈ। ਇਹ ਪ੍ਰੋਜੈਕਟ ਨਵੇਂ ਆਏ ਇਮੀਗ੍ਰੈਂਟਸ ਵਾਸਤੇ ਵੀ ਉਪਲਭਤ ਹੈ। ਹੋਰ ਜਾਣਕਾਰੀ ਲਈ ਫੋਨ ਹਨ 905 794 7882 ਜਾਂ 647 528 3033 ਫੋਨ ਕੋਈ ਨਾ ਚੁਕੇ ਤਾਂ ਮੈਸਿਜ ਜਰੂਰ ਛਡੋ ਜੀ।


ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com




PUNJABI RANG RADIO

CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ


■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਅਕਤੂਬਰ ਮਹੀਨਾ: 'ਬ੍ਰੈੱਸਟ ਕੈਂਸਰ ਜਾਗ੍ਰਤੀ ਮਹੀਨਾ'




ਬਰੈਂਪਟਨ, (ਡਾ. ਝੰਡ) -ਅਕਤੂਬਰ ਮਹੀਨੇ ਨੂੰ ਪੂਰੀ ਦੁਨੀਆਂ ਵਿਚ 'ਬ੍ਰੈੱਸਟ ਕੈਂਸਰ ਅਵੇਅਰਨੈੱਸ ਮੰਥ' ਵਜੋਂ ਮਨਾਇਆ ਜਾਂਦਾ ਹੈ। ਟੋਰਾਂਟੋ ਵਿਚ ਦੀਵਾਲੀ ਕਈ ਰੂਪਾਂ ਵਿਚ ਮਨਾਈ ਜਾਂਦੀ ਹੈ ਪਰ 'ਕੈਂਸਰ ਵਾਰੀਅਰ ਸੰਗਠਨ' ਦੀ ਮੁੱਖ-ਸੰਸਥਾਪਕ ਨਵਨੀਤ ਸ਼ਰਮਾ ਦੀਵਾਲੀ ਦੇ ਇਸ ਸ਼ੁਭ-ਅਵਸਰ 'ਤੇ ਇਕ ਅਜਿਹੀ ਨਿਰਾਲੀ ਸ਼ਾਮ ਦਾ ਆਯੋਜਨ ਕਰਦੀ ਆ ਰਹੀ ਹੈ ਜੋ ਕਿ ਮਨੋਰੰਜਕ ਹੋਣ ਦੇ ਨਾਲ ਨਾਲ ਸਮਾਜ ਲਈ ਪ੍ਰੇਰਨਾ-ਦਾਇਕ ਵੀ ਹੁੰਦੀ ਹੈ।

ਜ਼ਿਕਰਯੋਗ ਹੈ ਕਿ ਨਵਨੀਤ ਸ਼ਰਮਾ ਟੋਰਾਂਟੋ ਦੀ ਜਾਣੀ-ਪਛਾਣੀ ਟੀ.ਵੀ. ਹੋਸਟ ਹੈ ਜੋ ਕਿ ਖ਼ੁਦ ਬ੍ਰੈੱਸਟ ਕੈਂਸਰ ਸਰਵਾਈਵਰ ਹੈ। ਪਿਛਲੇ ਸਾਲ ਉਹ ਇਸ ਬੇਹੱਦ ਚੁਣੌਤੀ ਭਰਪੂਰ ਸਮੇਂ ਵਿੱਚੋਂ ਗੁਜ਼ਰੀ ਹੈ ਅਤੇ ਉਦੋਂ ਕੀਮੋਥਰੈਪੀ ਦੇ ਨਾਲ ਨਾਲ ਹੀ ਉਸ ਨੇ ਆਪਣੀ ਇਸ ਸੰਸਥਾ 'ਕੈਂਸਰ ਵਾਰੀਅਰ ਸੰਗਠਨ' ਦਾ ਵੀ ਉਦਘਾਟਨ ਕੀਤਾ। ਆਪਣੇ ਇਸ ਸਫ਼ਰ 'ਤੇ ਉਸ ਨੂੰ ਬਹੁਤ ਸਾਰੇ ਲੋਕ ਮਿਲੇ ਜੋ ਕੈਂਸਰ ਪੀੜਤ ਹਨ ਜਾਂ ਉਨ੍ਹਾਂ ਦੇ ਕੇਅਰਗਿਵਰ ਉਨ੍ਹਾਂ ਦੀ ਦੇਖ-ਭਾਲ ਕਰਨ ਵਾਲੇ ਹਨ। ਉਹ ਉਨ੍ਹਾਂ ਸਭਨਾਂ ਦੀ ਹਿੰਮਤ ਅਤੇ ਜਜ਼ਬੇ ਨੂੰ ਸਲਾਮ ਕਰਦੀ ਹੈ ਅਤੇ ਉਨ੍ਹਾਂ ਲਈ ਆਪਣੀ ਕਹਾਣੀ ਸਾਰਿਆਂ ਨਾਲ ਸਾਂਝੀ ਕਰਨਾ ਚਾਹੁੰਦੀ ਹੈ ਤਾਂ ਕਿ ਅਸੀਂ ਸਭ ਜਾਗਰੂਕ ਹੋ ਸਕੀਏ ਅਤੇ ਕਮਿਊਨਿਟੀ ਦੀ ਸੇਵਾ ਕਰ ਸਕੀਏ।

2 ਨਵੰਬਰ, 2018 ਦੀ ਸ਼ਾਮ ਨੂੰ ਅਪੋਲੋ ਕਨਵੈਨਸ਼ਨ ਸੈਂਟਰ ਵਿਚ ਹੋਣ ਵਾਲੇ 'ਸੈਲੀਬਰੇਟ ਲਾਈਫ਼ ਵਿਦ ਲਾਈਟਸ' ਨਾਮਿਕ ਭਾਵ-ਭਿੰਨੇ ਈਵੈਂਟ ਬਾਰੇ ਨਵਨੀਤ ਦੱਸਦੀ ਹੈ ਕਿ ਇਹ 'ਕੈਂਸਰ ਵਾਰੀਅਰ ਸੰਗਠਨ' ਦਾ ਦੂਸਰਾ ਫ਼ੰਡ-ਰੇਜ਼ਿੰਗ ਗਾਲਾ ਹੈ ਜੋ ਕਿ ਸਾਊਥ ਏਸ਼ੀਅਨ ਕਮਿਊਨਿਟੀ ਵਿਚ ਆਪਣੀ ਤਰ੍ਹਾਂ ਦਾ ਇਕ ਅਨੋਖਾ ਈਵੈਂਟ ਹੈ ਅਤੇ ਇਹ 'ਬਰਾਈਟ ਰੱਨ ਕੈਂਸਰ' ਨਾਂ ਦੀ ਸੰਸਥਾ ਨਾਲ ਮਿਲ ਕੇ ਆਯੋਜਿਤ ਕੀਤਾ ਜਾ ਰਿਹਾ ਹੈ ਜੋ ਮੈਕਮਾਸਟਰ ਯੂਨੀਵਰਸਿਟੀ ਦੀ ਭਾਈਵਾਲੀ ਨਾਲ 'ਜੁਰਾਵਿੰਸਕੀ ਹਸਪਤਾਲ ਤੇ ਕੈਂਸਰ ਸੈਂਟਰ' ਦੇ ਰਿਸਰਚ ਅਵੇਅਰਨੈਂਸ ਪ੍ਰੋਗਰਾਮ ਲਈ ਡੋਨੇਸ਼ਨ ਇਕੱਤਰ ਕਰਨ ਲਈ ਕੰਮ ਕਰਦਾ ਹੈ। ਪਿਛਲੇ ਸਾਲ ਕਮਿਊਨਿਟੀ ਦੀ ਮਦਦ ਨਾਲ ਕੈਂਸਰ ਰਿਸਰਚ ਲਈ 20,000 ਡਾਲਰ ਦੀ ਰਕਮ ਇਕੱਤਰ ਕੀਤੀ ਗਈ ਸੀ। ਇਸ ਸਾਲ ਉਹ ਇਸ ਰਕਮ ਨੂੰ ਦੁੱਗਣੀ ਕਰਨ ਲਈ ਡੱਟੀ ਹੋਈ ਹੈ ਅਤੇ ਆਪਣੀ ਟੀਮ ਅਤੇ ਵਲੰਟੀਅਰਾਂ ਨਾਲ ਇਸ ਈਵੈਂਟ ਦੀ ਤਿਆਰੀ ਵਿਚ ਮੱਘਨ ਹੈ।

ਨਵਨੀਤ ਨੇ ਦੱਸਿਆ ਕਿ ਇਸ ਈਵੈਂਟ ਤੋਂ ਇਕੱਤਰ ਹੋਣ ਵਾਲੀ ਸਾਰੀ ਰਕਮ 'ਹੈਮਿਲਟਨ ਹੈੱਲਥ ਸਾਇੰਸਿਜ ਫ਼ਾਊਂਡੇਸ਼ਨ ਨੂੰ ਡੋਨੇਟ ਕੀਤੀ ਜਾਏਗੀ। ਇਸ ਸਾਲ ਪਿਛਲੇ ਸਾਲ ਵਾਲੇ ਸਪੋਰਟਰਾਂ ਦੇ ਨਾਲ ਨਾਲ ਐਨ.ਐਮ.ਟੀ. ਦੇ ਇੰਦਰਜੀਤ ਧੁੱਗਾ, 'ਉਂਕਾਰ ਟਰੈਵਲਜ਼' ਦੇ ਦੀਪਕ ਕੁਮਾਰ, 'ਰੀਮੈਕਸ ਗੋਲਡ' ਦੇ ਬਲਵਿੰਦਰ ਕੁਮਾਰ, 'ਡਿਵਾਈਨ ਔਰਾ ਸੈਲੂਨ ਐਂਡ ਸਪਾ' ਦੇ ਮੋਨਿਕਾ ਗਿਰਜੀਲਾ ਅਤੇ 'ਆਪਣਾ ਟੇਸਟ' ਦੇ ਹਰਪਾਲ ਸਿੰਘ ਦੇ ਰੂਪ ਵਿਚ ਨਵੇਂ ਸਪੋਰਟਰ ਵੀ ਸ਼ਾਮਲ ਹੋਏ ਹਨ।

ਪਿਛਲੇ ਸਾਲ ਦੇ ਬੇਹੱਦ ਸਫ਼ਲ ਅਤੇ ਚਰਚਿਤ ਪ੍ਰੋਗਰਾਮ ਬਾਰੇ ਦੱਸਦੇ ਹੋਏ ਨਵਨੀਤ ਦਾ ਕਹਿਣਾ ਹੈ,"ਪਿਛਲੇ ਸਾਲ ਦਾ ਸ਼ੋਅ ਸਾਡਾ ਸਟੌਪਰ ਆਈਟਮ ਸੀ 'ਡਿਜ਼ਾਈਨਰ ਰੈਂਪ ਵਾਕ' ਜਿਸ ਵਿਚ ਸਾਡੇ ਮਾਡਲ ਰੀਅਲ ਲਾਈਫ਼ ਬਰੈੱਸਟ ਕੈਂਸਰ ਸਰਵਾਈਵਰ ਸਨ।" ਮੀਡੀਏ ਵਿਚ ਬਹੁਤ ਦਿਨ ਇਸ ਦੀ ਚਰਚਾ ਰਹੀ ਸੀ। ਜ਼ਾਹਿਰ ਹੈ ਕਿ ਇਸ ਵਾਰ ਵੀ ਸਾਡੇ ਕੋਲੋਂ ਇਕ ਤੋਂ ਇਕ ਵਧੀਆ ਮੌਲਿਕ ਆਈਟਮਾਂ ਦੀ ਉਮੀਦ ਕੀਤੀ ਜਾ ਰਹੀ ਹੈ।" ਇਸ ਸਾਲ ਦੀਆਂ ਸੀਕਰਿਟ ਆਈਟਮਾਂ ਬਾਰੇ ਜ਼ਿਆਦਾ ਜਾਣਕਾਰੀ ਨਾ ਦਿੰਦੇ ਹੋਏ ਨਵਨੀਤ ਨੇ ਕਿਹਾ ਕਿ ਉਨ੍ਹਾਂ ਦੀ ਸੋਸ਼ਲ ਮੀਡੀਆ ਟੀਮ ਫੇਸ-ਬੁੱਕ ਅਤੇ ਇੰਸਟਾਗਰਾਮ 'ਤੇ ਛੋਟੇ ਛੋਟੇ ਸਨੀਕਪੀਕ ਅਤੇ ਈਵੈਂਟ ਟਰੇਲਰਜ਼ ਪਾਉਂਦੀ ਰਹੇਗੀ। ਉਨ੍ਹਾਂ ਨੂੰ www@cancerwarrior 'ਤੇ ਲੱਭਿਆ ਜਾ ਸਕਦਾ ਹੈ ਅਤੇ ਨਾਲ ਹੀ ਸਾਡੇ ਪਾਠਕ ਸਾਡੇ ਆਨ-ਲਾਈਨ ਕੌਨਟੈੱਸਟ ਵਿਚ ਵੀ ਹਿੱਸਾ ਲੈ ਸਕਦੇ ਨੇ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

# ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ ਦੌੜ 21 ਨੂੰ

## ਟੀ.ਪੀ.ਏ.ਆਰ. ਕਲੱਬ ਦੇ 70 ਮੈਂਬਰ ਲੈਣਗੇ ਇਸ ਵਿਚ ਹਿੱਸਾ



ਬਰੈਂਪਟਨ, (ਡਾ. ਝੰਡ) -ਟੋਰਾਂਟੋ ਡਾਊਨ ਟਾਊਨ ਵਿਚ ਹਰ ਸਾਲ ਅਕਤੂਬਰ ਦੇ ਤੀਸਰੇ ਐਤਵਾਰ ਹੋਣ ਵਾਲੀ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਟੋਰਾਂਟੋ, ਮਿਸੀਸਾਗਾ, ਬਰੈਂਪਟਨ ਅਤੇ ਆਸ-ਪਾਸ ਵਾਲੇ ਹੋਰ ਸ਼ਹਿਰਾਂ ਦੇ ਵਾਸੀਆਂ ਲਈ ਵੱਡੀ ਖਿੱਚ ਦਾ ਕਾਰਨ ਬਣਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ 42 ਕਿਲੋ ਮੀਟਰ ਫੁੱਲ-ਮੈਰਾਥਨ ਅਤੇ 21 ਕਿਲੋਮੀਟਰ ਹਾਫ਼-ਮੈਰਾਥਨ ਲਾਉਣ ਵਾਲੇ ਲੰਮੀ ਦੌੜ ਦੇ ਦੌੜਾਕਾਂ ਤੋਂ ਇਲਾਵਾ ਬਹੁਤ ਸਾਰੇ ਹੋਰ ਹਜ਼ਾਰਾਂ ਦੀ ਗਿਣਤੀ ਵਿਚ ਇਸ ਵਿਚ 5 ਕਿਲੋਮੀਟਰ ਦੀ ਸ਼ੁਗਲੀਆ ਦੌੜ ਵੀ ਲਗਾਉਂਦੇ ਹਨ। ਇਸ ਵੱਡੇ ਈਵੈਂਟ ਦੇ ਪ੍ਰਬੰਧਕਾਂ ਅਨੁਸਾਰ ਪਿਛਲੇ ਸਾਲ ਇਸ ਮੈਰਾਥਨ ਦੌੜ ਵਿਚ 35,000 ਤੋਂ ਵਧੇਰੇ ਲੋਕਾਂ ਨੇ ਭਾਗ ਲਿਆ ਸੀ। ਇਸ ਵਾਰ ਇਹ ਦੌੜ ਆਉਂਦੇ ਐਤਵਾਰ 21 ਅਕਤੂਬਰ ਨੂੰ ਹੋ ਰਹੀ ਹੈ ਜਿਸ ਵਿਚ ਹਜ਼ਾਰਾਂ ਹੀ ਦੌੜਾਕ ਇਸ ਵਿਚ ਭਾਗ ਲੈਣਗੇ।

ਪਿਛਲੇ ਸਾਲਾਂ ਵਾਂਗ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਵਿਚ ਇਸ ਈਵੈਂਟ ਵਿਚ ਹਿੱਸਾ ਲੈਣ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਹ ਪਿਛਲੇ 3-4 ਮਹੀਨਿਆਂ ਤੋਂ ਇਸ ਦੇ ਲਈ ਤਿਆਰੀਆਂ ਵਿਚ ਜੁੱਟ ਹੋਏ ਹਨ ਅਤੇ ਪਹਿਲਾਂ ਤੋਂ ਨਿਸਚਤ ਕੀਤੀ ਗਈਆਂ ਥਾਂਵਾਂ 'ਤੇ ਇਕੱਠੇ ਹੋਣ ਉਪਰੰਤ ਹਫ਼ਤੇ ਵਿਚ ਤਿੰਨ-ਚਾਰ ਵਾਰ ਬਰੈਂਪਟਨ ਦੀ ਕਿਸੇ ਨਾ ਕਿਸੇ ਟਰੇਲ 'ਤੇ 20-25 ਕਿਲੋਮੀਟਰ ਲੰਮੀ ਦੌੜ ਲਗਾਉਂਦੇ ਰਹੇ ਹਨ। ਕਲੱਬ ਦੇ ਮੈਂਬਰ ਆਪਣਾ ਪਿਛਲਾ ਟਾਈਮ ਘੱਟ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ ਅਤੇ ਉਨ੍ਹਾਂ ਵਿੱਚੋਂ ਕਈਆਂ ਨੇ ਤਾਂ ਇਸ ਸਬੰਧੀ ਆਪਸ ਵਿਚ ਸ਼ਰਤਾਂ ਵੀ ਲਗਾਈਆਂ ਹੋਈਆਂ ਹਨ ਜਿਨ੍ਹਾਂ ਵਿਚ ਕੇਸਰ ਸਿੰਘ ਬੜੈਚ (70 ਸਾਲ) ਅਤੇ ਗੁਰਮੇਜ ਰਾਏ (58 ਸਾਲ) ਸ਼ਾਮਲ ਹਨ ਜਿਨ੍ਹਾਂ ਨੇ ਅਜਿਹੀਆਂ ਦੋ ਸ਼ਰਤਾਂ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨਾਲ ਲਗਾਈਆਂ ਹੋਈਆਂ ਹਨ। ਇੱਥੇ ਇਹ ਵਰਨਣਯੋਗ ਹੈ ਕਿ ਕਲੱਬ ਦੇ ਮੈਰਾਥਨ ਦੌੜਾਕ ਧਿਆਨ ਸਿੰਘ ਸੋਹਲ (62 ਸਾਲ) 42 ਕਿਲੋਮੀਟਰ ਫੁੱਲ-ਮੈਰਾਥਨ ਦੌੜਨਗੇ, ਜਦਕਿ ਬਾਕੀ ਮੈਂਬਰ 21 ਕਿਲੋਮੀਟਰ ਹਾਫ਼-ਮੈਰਾਥਨ ਵਿਚ ਭਾਗ ਲੈ ਰਹੇ ਹਨ।

ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਦੱਸਿਆ ਕਿ ਕਲੱਬ ਦੇ ਮੈਂਬਰ 'ਏਅਰਫ਼ਲਾਈਟ ਸਰਵਿਸਿਜ਼' ਜੋ ਇਸ ਮੈਰਾਥਨ ਦੌੜ ਦੇ ਸਪਾਂਸਰਾਂ ਵਿੱਚੋਂ ਇਕ ਹੈ, ਵੱਲੋਂ ਕਲੱਬ ਨੂੰ ਦਿੱਤੀਆਂ ਗਈਆਂ ਨਵੀਆਂ ਟੀ-ਸ਼ਰਟਾਂ ਅਤੇ ਕੇਸਰੀ ਦਸਤਾਰਾਂ ਪਹਿਨੀ ਸਵੇਰੇ 6.15 ਵਜੇ ਏਅਰਪੋਰਟ ਰੋਡ ਤੇ ਬੋਵੇਰਡ ਦੇ ਇੰਟਰਸੈੱਕਸ਼ਨ ਨੇੜਲੇ ਪਲਾਜ਼ੇ ਦੀ ਪਾਰਕਿੰਗ ਵਿਚ ਟਿਮ ਹੌਰਟਿਨ ਦੇ ਨੇੜੇ ਇਕੱਠੇ ਹੋ ਰਹੇ ਹਨ ਜਿੱਥੋਂ ਉਹ ਬੱਸ ਵਿਚ ਸਵਾਰ ਹੋ ਕੇ ਡਾਊਨਟਾਊਨ ਲਈ ਰਵਾਨਾ ਹੋਣਗੇ।

# ਕੈਸਲਮੋਰ ਸੀਨੀਅਰਜ਼ ਕਲੱਬ ਵੱਲੋਂ ਜਾਣਕਾਰੀ ਹਿਤ ਸੂਚਨਾ

(ਬਰੈਂਪਟਨ।ਬਾਸੀ ਹਰਚੰਦ) ਕੈਸਲਮੋਰ ਸੀਨੀਅਰਜ਼ ਕਲੱਬ ਦੇ ਪਰਧਾਨ ਗੁਰਮੇਲ ਸਿੰਘ ਸੱਗੂ ਨੇ ਕਲੱਬ ਦੇ ਮੈਂਬਰਾਂ ਦੀ ਜਾਣਕਾਰੀ ਹਿਤ ਸੂਚਨਾ ਦਿਤੀ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਸਾਲ 2018 ਲਈ ਪ੍ਰੀਤੀ ਭੋਜਨ ਦੇ ਕੇ ਉਸ ਤੋਂ ਬਾਅਦ ਗਤੀ ਵਿਧੀਆਂ ਬੰਦ ਕਰ ਦਿਤੀਆਂ ਗਈਆਂ ਹਨ। ਹੁਣ ਕੋਈ ਮੀਟਿੰਗ,ਪਾਰਟੀ, ਜਾਂ ਫੰਕਸ਼ਨ ਨਹੀਂ ਕੀਤਾ ਜਾਏਗਾ। ਅਖਬਾਰਾਂ ਵਿੱਚ ਜੋ ਅਣਅਧਿਕਾਰਤ ਖਬਰ ਛਪੀ ਹੈ ਉਹ ਕਲੱਬ ਦੇ ਕਿਸੇ ਅਹੁਦੇਦਾਰ ਪਰਧਾਨ ਜਾਂ ਸਕੱਤਰ ਵੱਲੋਂ ਨਹੀਂ ਹੈ।ਜਿਨਾਂ ਵਿਅੱਕਤੀਆਂ ਵਤਨ ਸਿੰਘ ਗਿੱਲ ਚੇਅਰਮੈਨ ਅਤੇ ਸਕੱਤਰ ਕੁਲਦੀਪ ਸਿੰਘ ਗਿੱਲ ਵੱਲੋਂ ਇਹ ਖਬਰ ਅਖਬਾਰਾਂ ਵਿੱਚ ਲੁਆਈ ਹੈ ਉਹ ਦੋਵੇਂ ਵਿਅੱਕਤੀ ਬੋਰਡ ਆਫ ਡਾਇਰੈਕਰ ਅਤੇ ਮੈਂਬਰਾਂ ਦੀ ਬਹੁਸੰਮਤੀ ਨਾਲ ਆਪਣੇ ਅਹੁਦਿਆਂ ਪਿਛਲੇ ਕਾਫੀ ਸਮੇਂ ਤੋਂ ਹਟਾ ਦਿਤੇ ਗਏ ਹਨ। ਹੁਣ ਇੰਨਾਂ ਕੋਲ ਕੋਈ ਅਹੁਦਾ ਨਹੀਂ ਹੈ। ਇਹਨਾ ਦੋਹਾਂ ਨੂੰ ਲਿਖਤੀ ਸੂਚਨਾ ਵੀ ਡਾਕ ਰਾਹੀਂ ਭੇਜ ਦਿਤੀ ਗਈ ਸੀ। ਜੋ ਇਹ ਕਲੱਬ ਵਿਰੋਧੀ ਗਤੀ ਵਿਧੀਆਂ ਕਰ ਰਹੇ ਹਨ ਉਸ ਦਾ ਸਾਰਾ ਪੈਕੇਜ ਬਣਾ ਕੇ ਸਿਟੀ ਨੂੰ ਭੇਜ ਦਿਤਾ ਹੈ। ਇਕ ਹੋਰ ਗੱਲ ਦਾ ਪਤਾ ਲੱਗਾ ਹੈ ਕਿ ਇਹ ਵੀਹ ਵੀਹ ਡਾਲਰ ਪ੍ਰਤੀ ਮੈਂਬਰ ਇਕੱਤਰ ਕਰ ਰਹੇ ਹਨ। ਉਹਨਾਂ ਮੈਂਬਰਾਂ ਦੇ ਪੈਸੇ ਕਲੱਬ ਕੋਲ ਨਹੀਂ ਪਹੁੰਚੇ ਇਸ ਲਈ ਉਹ ਕਲੱਬ ਦੇ ਮੈਂਬਰ ਨਹੀਂ ਬਣ ਸਕਦੇ। ਜਿਸ ਨੇ ਮੈਂਬਰ ਬਨਣਾ ਹੈ ਮੈਂਬਰਸ਼ਿਪ ਫੀਸ ਖਜ਼ਾਨਚੀ ਕੋਲ ਜਮਾਂ ਕਰਾ ਕੇ ਆਪਣੀ ਰਸੀਦ ਪ੍ਰਾਪਤ ਕਰ ਲਏ। ਸੱਭ ਮੈਂਬਰ ਇਸ ਸੂਚਨਾ ਨੂੰ ਨੋਟ ਕਰਨ ਜੇ ਕੋਈ ਹੋਰ ਜਾਣਕਾਰੀ ਲੈਣੀ ਹੈ ਤਾਂ ਗੁਰਮੇਲ ਸਿੰਘ ਸੱਗੂ ਨਾਲ ਹੇਠ ਲਿਖੇ ਫੋਨ ਤੇ ਸੰਪਰਕ ਕੀਤਾ ਜਾ ਸਕਦਾ ਹੈ।

ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



# ਜੰਗਲੀ ਜੀਵਾਂ ਅਤੇ ਜੰਗਲਾਂ ਦੀ ਸਾਂਭ ਸੰਭਾਲ ਪ੍ਰਤੀ ਅਣਗਹਿਲੀ ਕਿਉਂ ?



ਮੇਜਰ ਸਿੰਘ ਨਾਭਾ
ਮੋ: 9463553962

ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ। ਵਾਤਾਵਰਣ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ। ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ। ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ। ਇਤਿਹਤਸਕ ਸ਼ਹਿਰ ਨਾਭਾ ਦੇ ਪੂਰਬ ਵੱਲ ਬੀੜ ਦੁਸਾਂਝ ਹੈ । ਇਸ ਵਿੱਚ ਰੋਜ,ਨੀਲ ਗਊ,ਗਿੱਦੜ,ਬਾਂਦਰ ਅਤੇ ਹੋਰ ਜੰਗਲੀ ਜਾਨਵਰ ਰਹਿੰਦੇ ਹਨ। ਅਵਾਰਾ ਤਿੱਖੇ ਤਿੱਖੇ ਸਿੰਗਾਂ ਵਾਲੀਆਂ ਗਊਆਂ,ਸਾਨ੍ਹ ਵੀ ਜੰਗਲੀ ਬਣ ਚੁੱਕੇ ਹਨ। ਜੌੜੇਪੁਲਾਂ ਘਣੀਵਾਲ,ਭੋੜੇ ਆਦਿ ਪਿੰਡਾਂ ਨੂੰ ਮਿਲਾਉਂਦੀ ਸੜਕ ਇਸ ਬੀੜ ਵਿੱਚੋਂ ਲੰਘਦੀ ਹੈ। ਇਸੇ ਰੋਡ ਤੇ ਨਾਭੇ ਦੇ ਰਾਜੇ ਵਲੋਂ ਬੀੜ'ਚ ਸ਼ਿਕਾਰ ਕਰਨ ਸਮੇਂ ਠਹਿਰ ਲਈ ਬਣਾਈ ਸ਼ਾਨਦਾਰ ਕਲਾਤਮਿਕ ਕੋਠੀ 'ਚ ਅੱਜਕੱਲ੍ਹ ਫਿਲਮਾਂ ਅਤੇ ਪ੍ਰੀ-ਵੈਡਿੰਗ ਸੂਟਿੰਗ ਹੁੰਦੀ ਰਹਿੰਦੀ ਹੈ। ਇਸ ਕਰਕੇ ਆਵਾਜਾਈ ਹੋਰ ਵੀ ਵੱਧ ਗਈ ਹੈ। ਸੈਂਕੜੇ ਲੋਕ ਸਵੇਰੇ ਸ਼ਾਮ ਸਰਕਾਰੀ ਮੱਝ ਫਾਰਮ ਜੋ ਇਸੇ ਸੜਕ ਤੇ ਸਥਿਤ ਹੈ ਤੋਂ ਦੁੱਧ ਲੈਣ ਜਾਂਦੇ ਹਨ ਜਿਨ੍ਹਾਂ ਨੂੰ ਡੰਗਰਾਂ ਅਤੇ ਬਾਂਦਰਾਂ ਦੇ ਝੁੰਡਾਂ'ਚੋਂ ਲੰਘਣਾ ਮੁਸ਼ਕਲ ਹੁੰਦਾ ਹੈ। ਇਸੇ ਤਰ੍ਹਾਂ ਇਸ ਸੜਕ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ। ਇਸ ਸੜਕ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ,ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ । ਕਈ ਜਾਨਾਂ ਵੀ ਜਾ ਚੁੱਕੀਆਂ ਹਨ। ਸਕੂਲਾਂ,ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਥੋਂ ਦੀ ਡਰ ਡਰ ਕੇ ਲੰਘਦੇ ਹਨ। ਸਕੂਲ,ਕਾਲਜ/ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਅਤੇ ਭੁੱਖੇ ਬਾਂਦਰ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ। ਬਾਂਦਰਾਂ ਨੂੰ ਖਾਣ ਲਈ ਵਸਤਾਂ ਅਤੇ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਦੂਸਰੀ ਸਾਈਡ ਤੋਂ ਭੁੱਖੇ ਬਾਂਦਰ ਅਤੇ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ। ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ'ਚ ਵਿਘਣ ਵੀ ਪੈਂਦਾ ਹੈ । ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ। ਬੀੜ ਦੇ ਨਾਲ ਲਗਦੇ ਖੇਤਾਂ ਵਾਲੇ ਕਿਸਾਨ ਰਲ ਕੇ 24 ਘੰਟੇ ਡੰਗਰਾਂ ਦੀ ਰਾਖੀ ਤੋਂ ਅੱਤ ਦੀ ਗਰਮੀ ਅਤੇ ਸਰਦੀ ਦੇ ਬਾਵਜੂਦ ਪਹਿਰਾ ਦਿੰਦੇ ਹਨ। ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਡੰਗਰਾਂ ਨੂੰ ਫੜ੍ਹ ਕੇ ਗਊਸ਼ਾਲਾ ਵਿੱਚ ਭੇਜੇ ਜੇ ਹੋਰ ਨਹੀਂ ਤਾਂ ਬੀੜ ਦੇ ਅੰਦਰ ਵਧੀਆ ਰਸਤਾ ਬਣਾ ਕੇ ਚਾਰਾ ਪਾਉਣ ਲਈ ਜਗ੍ਹਾ ਬਣਾ ਦੇਵੇ। ਬਾਂਦਰਾਂ ਲਈ ਵੀ ਬੀੜ ਅੰਦਰ ਮੇਨ ਸੜਕ ਤੋਂ ਰਸਤਾ ਦੇ ਕੇ ਸੁਰੱਖਿਅਤ ਥਾਂ ਬਣਾਈ ਜਾਵੇ ਜਿਥੇ ਲੋਕ ਆਸਾਨੀ ਨਾਲ ਬੇਖੌਫ਼ ਖਾਣ ਵਾਲੀਆਂ ਵਸ਼ਤਾਂ ਪਾ ਸਕਣ। ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ,ਸਾਨ੍ਹ, ਬਲਦ,ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ। ਇਸ ਲਈ ਫੰਡ ਲਈ ਬਜਟ ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ। ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ। ਪਰ ਗਊਧਨ ਦੀ ਸੰਭਾਲ ਲਈ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ। ਹਿੰਦੂ ਸੰਗਠਨ ਵੀ ਇਸ ਮਸਲੇ ਪ੍ਰਤੀ ਗੰਭੀਰ ਨਹੀਂ ,ਉਨ੍ਹਾਂ ਨੂੰ ਵੀ ਸਰਕਾਰ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਬਹੁਤ ਸਾਰੇ ਦਰੱਖਤ ਸੁੱਕ ਕੇ ਜਾਂ ਹਨੇਰੀ ਆਦਿ ਨਾਲ ਗਿਰੇ ਪਏ ਹਨ ਜਿਨ੍ਹਾਂ ਦੀ ਕੀਮਤੀ ਲਕੜੀ ਖਰਾਬ ਹੋ ਰਹੀ ਹੈ ,ਇਸ ਵੱਲ ਵਿਭਾਗ ਦਾ ਕੋਈ ਧਿਆਨ ਨਹੀਂ,ਜਦੋਂ ਕਿ ਲਕੜੀ ਵੇਚ ਕੇ ਸਰਕਾਰ ਦੀ ਆਮਦਨ ਵੱਧ ਸਕਦੀ ਹੈ। ਸੜਕਾਂ ਤੇ ਆਮ ਸੁੱਕੇ ਦਰੱਖਤ ਦਿਖਾਈ ਦੇ ਰਹੇ ਹਨ,ਜੋ ਕਿ ਕਿਸੇ ਸਮੇਂ ਭੀ ਅਚਾਨਕ ਗਿਰ ਸਕਦੇ ਹਨ । ਪਿਛੇ ਜਿਹੇ ਸਰਕੂਲਰ ਰੋਡ ਨਾਭਾ ਵਿਖੇ ਬਾਈਕ ਤੇ ਜਾ ਰਹੇ ਟੋਡਰਵਾਲ ਪਿੰਡ ਦੇ ਭੈਣ ਭਰਾ ਉੱਪਰ ਅਚਾਨਕ ਸੁੱਕੇ ਦਰਖੱਤ ਦਾ ਟਾਹਣਾ ਟੁੱਟ ਕੇ ਗਿਰ ਪਿਆ ਜਿਸ ਨਾਲ ਭਰਾ ਦੀ ਮੌਕੇ ਤੇ ਹੀ ਮੌਤ ਹੋ ਗਈ ਜਦੋਂ ਕਿ ਭੈਣ ਗੰਭੀਰ ਰੂਪ'ਚ ਜਖ਼ਮੀ ਹੋ ਗਈ। ਇਸ ਦੀ ਜ਼ੁੰਮੇਵਾਰੀ ਲੈਣ ਲਈ ਪ੍ਰਸਾਸ਼ਨ ਬਿਲਕੁਲ ਤਿਆਰ ਨਹੀਂ ਹੈ?ਪ੍ਰਸ਼ਾਸਨ ਇਸ ਘਟਨਾ ਦੇ ਬਾਵਜੂਦ ਬਿਲਕੁਲ ਹਰਕਤ'ਚ ਨਹੀਂ ਆਇਆ। ਸੁੱਕੇ ਦਰਖਤਾਂ ਦੀ ਬੋਲੀ ਕਰਕੇ ਆਮਦਨ ਪ੍ਰਾਪਤ ਹੋ ਸਕਦੀ ਹੈ ਜਦੋਂ ਕਿ ਸਰਕਾਰ ਖਜ਼ਾਨਾ ਖਾਲੀ ਹੋਣ ਦੀ ਦੁਹਾਈ ਪਾ ਰਹੀ ਹੈ। ਪਰ ਜੰਗਲਾਤ ਵਿਭਾਗ ਦਾ ਇਸ ਵੱਲ ਕੋਈ ਧਿਆਨ ਨਹੀਂ। ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ। ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ। ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ। ਇਨ੍ਹਾਂ ਜੰਗਲੀ ਥਾਵਾਂ ਦੀ ਉੱਚਿਤ ਵਰਤੋਂ ਕਰਕੇ ਦੋਵੇਂ ਮਸਲੇ ਹੱਲ ਕੀਤੇ ਜਾ ਸਕਦੇ ਹਨ। ਇਲਾਕੇ ਦੇ ਬੱਚਿਆਂ ਦੇ ਮਨਪ੍ਰਚਾਵੇ ਲਈ ਇਨ੍ਹਾਂ ਥਾਵਾਂ ਤੇ 'ਚਿੜੀਆ ਘਰ' ਬਣਾ ਕੇ ਉਨ੍ਹਾਂ ਦੇ ਵਹਿਲੇ ਸਮੇਂ ਨੂੰ ਉਸਾਰੂ ਪਾਸੇ ਲਾਉਣ ਲਈ ਸਮਾਜ ਵਿੱਚ ਪਨਪ ਰਹੀਆਂ ਬੁਰਾਈਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ ਕਿਉਂ ਕਿ ਜੰਗਲੀ ਜੀਵ ਅਤੇ ਜੰਗਲਾਤ ਮੰਤਰੀ ਵੀ ਸਬੱਬ ਨਾਲ ਨਾਭਾ ਹਲਕੇ ਦੇ ਹੀ ਹਨ,ਉਹ ਇਸ ਨੇਕ ਕੰਮ ਨੂੰ ਕਰਵਾ ਕੇ ਹਮੇਸ਼ਾਂ ਲਈ ਹਲਕੇ ਦੇ ਲੋਕਾਂ ਦੇ ਮਨਾਂ ਵਿੱਚ ਵੱਸ ਸਕਦੇ ਹਨ। ਮਹਿਕਮੇ ਵਲੋਂ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਥਾਂ ਨਵੇਂ ਫਲਦਾਰ ਅਤੇ ਕੀਮਤੀ ਲਕੜੀ ਵਾਲੇ ਬੂਟੇ ਲਾਏ ਜਾਣ ਤਾਂ ਜੋ ਜੰਗਲੀ ਜਾਨਵਰਾਂ ਲਈ ਖਾਣ ਲਈ ਸਹਾਈ ਹੋਣਗੇ। ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸੰਭਾਲ ਵੀ ਕੀਤੀ ਜਾ ਸਕਦੀ ਹੈ ਅਤੇ ਆਮਦਨ ਦਾ ਸਾਧਨ ਵੀ ਬਣ ਸਕਦੇ ਹਨ।

# ਖੇਤਰਵਾਦ ਦਾ ਵਿਗੜਿਆ ਚਿਹਰਾ ਬਾਹਰਲੇ ਲੋਕਾਂ ਦਾ ਮੂਲਵਾਸੀਆਂ ਵੱਲੋਂ ਵਿਰੋਧ

-ਪੂਨਮ ਆਈ ਕੌਸ਼ਿਸ਼

1947 ਤੋਂ ਪਹਿਲਾਂ ਭਾਰਤ 'ਚ 'ਅੰਗਰੇਜ਼ਾਂ ਨੂੰ ਉਖਾੜ ਸੁੱਟੋ' ਦੇ ਨਾਅਰੇ ਸੁਣਾਈ ਦਿੰਦੇ ਸਨ ਅਤੇ ਉਨ੍ਹਾਂ ਨਾਅਰਿਆਂ 'ਚ ਰਾਸ਼ਟਰਵਾਦ ਦੀ ਝਲਕ ਹੁੰਦੀ ਸੀ। ਸਾਰੇ ਲੋਕ ਭਾਰਤ ਨੂੰ ਇਕਜੁੱਟ ਅਤੇ ਧਰਮ ਨਿਰਪੱਖ ਬਣਾਉਣ ਦਾ ਸੰਕਲਪ ਲੈਂਦੇ ਸਨ, ਪਰ ਅੱਜ ਭਾਰਤ ਵਿੱਚ ਹੋਰਨਾਂ ਰਾਜਾਂ ਦੇ ਲੋਕਾਂ ਨੂੰ ਖਦੇੜਨ ਦੀ ਗੱਲ ਹੋ ਰਹੀ ਹੈ ਅਤੇ ਉਨ੍ਹਾਂ 'ਤੇ ਸੰਬੰਧਤ ਸੂਬਿਆਂ ਦੇ ਮੂਲਵਾਸੀਆਂ ਵੱਲੋਂ 'ਕਰਫਿਊ' ਲਾਇਆ ਜਾ ਰਿਹਾ ਹੈ।

ਇਸ ਵਿੱਚ ਖੇਤਰੀ ਦੇਸ਼ਭਗਤੀ ਦੀ ਛਾਪ ਹੈ। ਹਰ ਕੋਈ ਆਪੋ-ਆਪਣੇ ਸੂਬੇ ਨੂੰ ਵੱਧ ਸਥਾਨਕ ਬਣਾਉਣ ਦੀਆਂ ਗੱਲਾਂ ਕਰਦਾ ਹੈ। ਪਿਛਲੇ ਦਿਨੀਂ ਬਿਹਾਰ ਅਤੇ ਯੂ ਪੀ ਦੇ ਲੋਕਾਂ ਵੱਲੋਂ ਗੁਜਰਾਤ ਵਿੱਚੋਂ ਹਿਜਰਤ ਕਰਨ ਦੀ ਵਜ੍ਹਾ ਸੂਬੇ ਦੇ ਸਾਬਰਕਾਂਠਾ ਜ਼ਿਲ੍ਹੇ 'ਚ ਇੱਕ ਬਿਹਾਰੀ ਨੌਜਵਾਨ ਵੱਲੋਂ 14 ਸਾਲਾ ਕੁੜੀ ਨਾਲ ਬਲਾਤਕਾਰ ਦੀ ਘਟਨਾ ਹੈ। ਇਸ ਨਾਲ ਸੂਬੇ 'ਚ ਖੇਤਰਵਾਦ ਦੀਆਂ ਭਾਵਨਾਵਾਂ ਭੜਕ ਉਠੀਆਂ ਅਤੇ ਲੋਕ 'ਗੁਜਰਾਤ ਗੁਜਰਾਤੀਆਂ ਲਈ' ਅਤੇ 'ਉਤਰ-ਭਾਰਤੀਆਂ ਨੂੰ ਬਾਹਰ ਕੱਢੋ' ਦੀਆਂ ਗੱਲਾਂ ਕਰਨ ਲੱਗ ਪਏ, ਜਿਸ ਕਾਰਨ ਗਰੀਬ ਪਰਵਾਸੀ ਮਜ਼ਦੂਰਾਂ ਨੂੰ ਕੁੱਟਿਆ ਜਾ ਰਿਹਾ ਹੈ, ਉਨ੍ਹਾਂ 'ਤੇ ਹਮਲੇ ਕੀਤੇ ਜਾ ਰਹੇ ਹਨ ਅਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਸੂਬੇ ਦੇ ਭਾਜਪਾ ਮੁੱਖ ਮੰਤਰੀ ਵਿਜੇ ਰੂਪਾਣੀ ਨੇ ਉਨ੍ਹਾਂ ਦੀ ਸੁਰੱਖਿਆ ਤੇ ਹਮਲਾਵਰਾਂ ਵਿਰੁੱਧ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ, ਪਰ ਅਮਲ ਦਾ ਪਤਾ ਨਹੀਂ।

ਇਸੇ ਤਰ੍ਹਾਂ ਅਕਤੂਬਰ 2014 ਵਿੱਚ ਬੰਗਲੌਰ ਵਿੱਚ ਉਤਰ ਪੂਰਬੀ ਖੇਤਰ ਦੇ ਲੋਕਾਂ ਦੇ ਵਿਰੁੱਧ ਮੁਹਿੰਮ ਚੱਲੀ ਸੀ। ਉਦੋਂ ਕੰਨੜ ਭਾਸ਼ਾ ਨਾ ਬੋਲਣ ਕਰ ਕੇ ਉਤਰ-ਪੂਰਬ ਦੇ ਦੋ ਵਿਦਿਆਰਥੀਆਂ ਨੂੰ ਕੁੱਟ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਕੀ ਉਹ ਜਾਪਾਨੀ, ਚੀਨੀ ਜਾਂ ਕੋਰੀਆਈ ਹਨ? ਇਸ ਨਾਲ ਉੱਤਰ-ਪੂਰਬੀ ਖੇਤਰ 'ਚ ਰੋਸ ਫੈਲ ਗਿਆ ਸੀ। ਮੁੰਬਈ ਵਿੱਚ ਵੀ ਅਕਸਰ ਉਤਰ-ਭਾਰਤੀਆਂ ਵਿਰੁੱਧ ਅਜਿਹੀ ਮੁਹਿੰਮ ਚੱਲਦੀ ਰਹਿੰਦੀ ਹੈ। ਆਸਾਮ 'ਚ ਬਿਹਾਰੀਆਂ ਨਾਲ ਇਹੋ ਸਲੂਕ ਹੁੰਦਾ ਹੈ। ਸਵਾਲ ਉਠਦਾ ਹੈ ਕਿ ਕੀ ਅਸੀਂ ਜਾਤੀਵਾਦੀ ਹਾਂ? ਕੀ ਖੇਤਰਵਾਦ ਸਾਡੀ ਮਾਨਸਿਕਤਾ 'ਚ ਬੈਠ ਗਿਆ ਹੈ? ਨਫਰਤ ਫੈਲਾਉਣ ਵਾਲਿਆਂ 'ਤੇ ਕਿਵੇਂ ਕਾਬੂ ਪਾਇਆ ਜਾਵੇ? ਕੀ ਸਾਡੇ ਰਾਜਨੇਤਾ ਇਸ ਖੇਤਰਵਾਦ ਦੇ ਪ੍ਰਭਾਵਾਂ ਨੂੰ ਸਮਝਦੇ ਹਨ? ਕੀ ਇਸ ਨਾਲ ਲੋਕਾਂ ਵਿੱਚ ਖੇਤਰੀ ਆਧਾਰ 'ਤੇ ਹੋਰ ਮਤਭੇਦ ਨਹੀਂ ਵਧਣਗੇ?

ਅੱਜ ਦੇ ਮੁਕਾਬਲੇਬਾਜ਼ੀ ਵਾਲੇ ਲੋਕਤੰਤਰ 'ਚ ਜੇ ਜਾਤੀਵਾਦੀ ਸਿਆਸਤ ਤੋਂ ਚੋਣ ਲਾਭ ਮਿਲਦਾ ਹੈ ਤਾਂ ਖੇਤਰਵਾਦੀ ਸਿਆਸਤ ਦੇ ਜ਼ਰੀਏ ਵੋਟਰਾਂ ਦਾ ਧਰੁਵੀਕਰਨ ਹੁੰਦਾ ਹੈ ਏ ਕੋਈ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ ਕਿ ਇਸ ਦੇ ਨਤੀਜੇ ਤਬਾਹਕੁੰਨ ਹਨ। ਇਸ ਨਾਲ ਹਿੰਸਾ ਫੈਲ ਸਕਦੀ ਹੈ ਤੇ ਇਸ ਦੇ ਕਾਰਨ ਖੇਤਰਵਾਦ ਤੇ ਫਿਰਕਾਪ੍ਰਸਤੀ ਵਧ ਸਕਦੀ ਹੈ।

ਖੇਤਰਵਾਦ ਦੀ ਸ਼ੁਰੂਆਤ 60 ਦੇ ਦਹਾਕੇ ਦੇ ਸ਼ੁਰੂ ਵਿੱਚ ਤਾਮਿਲ ਨਾਡੂ ਤੋਂ ਹੋਈ ਸੀ, ਜਿੱਥੇ ਡੀ ਐਮ ਕੇ ਦੇ ਗਠਨ ਨਾਲ ਸੂਬੇ ਦੇ ਲੋਕ ਕੇਂਦਰ ਨਾਲੋਂ ਕੱਟੇ ਗਏ ਸਨ। ਬਾਅਦ ਵਿੱਚ ਡੀ ਐੱਮ ਕੇ ਦੀ ਵੰਡ ਹੋਈ ਅਤੇ ਅੰਨਾ ਡੀ ਐੱਮ ਕੇ ਨਵੀਂ ਪਾਰਟੀ ਬਣੀ ਸੀ। ਉਸ ਤੋਂ ਬਾਅਦ ਮਹਾਰਾਸ਼ਟਰ ਵਿੱਚ ਖੇਤਰਵਾਦ ਨੇ ਆਪਣਾ ਸਿਰ ਚੁੱਕਿਆ ਅਤੇ ਕਾਰਟੂਨਿਸਟ ਬਾਲ ਠਾਕਰੇ ਮਰਾਠੀਆਂ ਦੇ ਆਪੇ ਬਣੇ ਹਿਤੈਸ਼ੀ ਬਣ ਗਏ ਅਤੇ ਉਨ੍ਹਾਂ ਦੀ ਪਾਰਟੀ ਸ਼ਿਵ ਸੈਨਾ ਨੇ 'ਮਰਾਠੀ ਮਾਨੁਸ਼' ਦਾ ਨਾਅਰਾ ਦੇ ਦਿੱਤਾ। ਉਨ੍ਹਾਂ ਮੁਤਾਬਕ ਮੁੰਬਈ ਵਿੱਚ 28 ਫੀਸਦੀ ਮਹਾਰਾਸ਼ਟਰੀਆਂ ਨੂੰ ਛੱਡ ਕੇ ਸਾਰੇ ਲੋਕ ਬਾਹਰਲੇ ਸਨ ਅਤੇ ਉਨ੍ਹਾਂ ਦੀ ਇਸ ਮੁਹਿੰਮ ਦਾ ਪਹਿਲਾ ਸ਼ਿਕਾਰ ਦੱਖਣ-ਭਾਰਤ ਦੇ ਮਜ਼ਦੂਰ ਬਣੇ, ਜਿਨ੍ਹਾਂ ਨੂੰ 'ਲੁੰਗੀਵਾਲਾ' ਕਿਹਾ ਗਿਆ ਤੇ ਉਨ੍ਹਾਂ ਦੇ ਕਾਰੋਬਾਰਾਂ 'ਤੇ ਹਮਲੇ ਹੋਏ ਸਨ। ਉਸ ਤੋਂ ਪਿੱਛੋਂ ਗੁਜਰਾਤੀਆਂ ਦਾ ਨੰਬਰ ਆਇਆ। ਫਿਰ ਉੱਤਰ-ਭਾਰਤੀ, ਉੱਤਰ ਪ੍ਰਦੇਸ਼ ਦੇ ਭਈਏ ਅਤੇ ਬਿਹਾਰੀ ਲੋਕਾਂ ਦਾ ਨੰਬਰ ਆਇਆ। ਸੱਤਰ ਦੇ ਦਹਾਕੇ ਵਿੱਚ ਆਸਾਮ ਵਿੱਚ ਵਿਦੇਸ਼ੀ ਨਾਗਰਿਕਾਂ ਵਿਰੁੱਧ ਮੁਹਿੰਮ ਚੱਲੀ, ਜਦੋਂ ਆਲ ਆਸਾਮ ਸਟੂਡੈਂਟਸ ਯੂਨੀਅਨ ਨੇ ਨਾਜਾਇਜ਼ ਬੰਗਲਾਦੇਸ਼ੀ ਪਰਵਾਸੀਆਂ ਨੂੰ ਬਾਹਰ ਕੱਢਣ ਲਈ ਅੰਦੋਲਨ ਚਲਾਇਆ ਤੇ ਇਸੇ ਕਾਰਨ ਸੂਬੇ ਦੀ ਕਾਂਗਰਸ ਸਰਕਾਰ ਦੀ ਹਾਰ ਹੋਈ ਅਤੇ ਆਸਾਮ ਗਣ ਪ੍ਰੀਸ਼ਦ ਦੀ ਸਰਕਾਰ ਬਣੀ। ਨਾਗਾਲੈਂਡ ਅਤੇ ਮਣੀਪੁਰ 'ਚ ਵਿਦਿਆਰਥੀ ਚਾਹੁੰਦੇ ਹਨ ਕਿ ਸਾਰੇ ਗੈਰ-ਨਾਗਾ ਅਤੇ ਗੈਰ-ਮਣੀਪੁਰੀ ਲੋਕ ਇਹ ਸੂਬਾ ਛੱਡ ਦੇਣ। ਇਨ੍ਹਾਂ ਸੂਬਿਆਂ 'ਚ ਖੇਤਰਵਾਦ ਵਧਦਾ ਹੀ ਗਿਆ।

ਨਵੰਬਰ 2003 'ਚ ਆਸਾਮ ਵਿੱਚ 20 ਹਜ਼ਾਰ ਬਿਹਾਰੀ ਵਿਦਿਆਰਥੀਆਂ ਨੂੰ ਗੁਹਾਟੀ 'ਚ ਭਰਤੀ ਪ੍ਰੀਖਿਆ ਵਿੱਚ ਬੈਠਣ ਨਹੀਂ ਸੀ ਦਿੱਤਾ ਗਿਆ ਤੇ ਇਸ ਦਾ ਬਦਲਾ ਬਿਹਾਰੀਆਂ ਨੇ ਉੱਤਰ-ਪੂਰਬੀ ਖੇਤਰ ਦੀਆਂ ਟਰੇਨਾਂ ਨੂੰ ਰੋਕ ਕੇ ਅਤੇ ਉਥੋਂ ਦੇ ਲੋਕਾਂ ਦੀ ਮਾਰ-ਕੁੱਟ ਕਰ ਕੇ ਲਿਆ। ਉਸ ਤੋਂ ਬਾਅਦ ਆਸਾਮੀਆਂ ਨੇ 52 ਬਿਹਾਰੀਆਂ ਨੂੰ ਮਾਰ ਦਿੱਤਾ ਅਤੇ ਇਸ ਵਿੱਚ ਉਲਫਾ ਅਤੇ ਆਲ ਬੋਡੋ ਸਟੂਡੈਂਟ ਯੂਨੀਅਨ ਵੀ ਸ਼ਾਮਲ ਹੋ ਗਏ ਅਤੇ ਉਨ੍ਹਾਂ ਦਾ ਨਾਅਰਾ ਸੀ; 'ਸਾਰੇ ਹਿੰਦੀ-ਭਾਸ਼ੀ ਆਸਾਮ ਛੱਡਣ', ਜਦ ਕਿ ਬਿਹਾਰੀਆਂ ਨੇ ਨਾਅਰਾ ਦਿੱਤਾ ਕਿ 'ਆਸਾਮੀਆਂ ਨੂੰ ਫੜੋ ਅਤੇ ਮਾਰੋ।'

ਇਸ ਸਥਿਤੀ ਵਿੱਚ ਸਿਰਫ ਸਥਾਨਕ ਲੋਕਾਂ ਨੂੰ ਦੋਸ਼ ਕਿਉਂ ਦੇਈਏ? ਸਾਡੇ ਨੇਤਾ ਵੀ ਖੇਤਰਵਾਦ 'ਚ ਭਰੋਸਾ ਕਰਦੇ ਹਨ। ਸੰਨ 1999 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਲਖਨਊ ਤੋਂ ਕਾਂਗਰਸ ਦੇ ਉਮੀਦਵਾਰ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਸਦਰ-ਏ-ਰਿਆਸਤ ਕਰਨ ਸਿੰਘ ਨੂੰ ਬਾਹਰਲਾ ਉਮੀਦਵਾਰ ਦੱਸਿਆ ਅਤੇ ਵਾਜਪਾਈ ਨੂੰ ਸਥਾਨਕ ਉਮੀਦਵਾਰ ਦੱਸਿਆ, ਜਦ ਕਿ ਲਖਨਊ ਅਤੇ ਵਾਜਪਾਈ ਦੇ ਮੱਧ ਪਰਦੇਸ਼ ਵਿੱਚ ਜਨਮ ਸਥਾਨ ਗਵਾਲੀਅਰ ਦਾ ਬਹੁਤ ਫਾਸਲਾ ਹੈ।

ਇਸੇ ਤਰ੍ਹਾਂ ਸੰਘ ਨੇ ਹਿਮਾਚਲ ਪ੍ਰਦੇਸ਼ ਵਿੱਚ ਵਾਜਪਾਈ ਨੂੰ ਸਥਾਨਕ ਦੱਸਿਆ। ਉਹ ਮਨਾਲੀ ਨਾਲ ਬਹੁਤ ਪਿਆਰ ਕਰਦੇ ਸਨ। ਪਾਰਟੀਆਂ ਤੇ ਨੇਤਾਵਾਂ ਵੱਲੋਂ ਖੇਤਰਵਾਦ ਨੂੰ ਹੱਲਾਸ਼ੇਰੀ ਦਿੱਤੀ ਗਈ। ਸਾਬਕਾ ਪ੍ਰਧਾਨ ਮੰਤਰੀ ਤੇ ਕਿਸਾਨ ਨੇਤਾ ਚਰਨ ਸਿੰਘ ਨੇ ਕਿਸਾਨਾਂ ਦੀ ਪਾਰਟੀ 'ਜਨਤਾ ਪਾਰਟੀ' ਦਾ ਗਠਨ ਕੀਤਾ ਤਾਂ ਦੇਵੀਲਾਲ ਨੇ ਹਰਿਆਣਾ 'ਚ 'ਲੋਕ ਦਲ' ਦਾ ਗਠਨ ਕੀਤਾ। ਪੰਜਾਬ ਵਿੱਚ ਬਾਦਲ ਨੇ 'ਅਕਾਲੀ ਦਲ', ਆਂਧਰਾ 'ਚ ਐੱਨ ਟੀ ਰਾਮਾਰਾਓ ਨੇ 'ਤੇਲਗੂਦੇਸ਼ਮ' ਦਾ, ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਨੇ 'ਤ੍ਰਿਣਮੂਲ ਕਾਂਗਰਸ' ਅਤੇ ਉੜੀਸਾ ਵਿੱਚ ਨਵੀਨ ਪਟਨਾਇਕ ਨੇ 'ਬੀਜੂ ਜਨਤਾ ਦਲ' ਚਲਾ ਰੱਖੇ। ਇਨ੍ਹਾਂ ਸਭ ਦਾ ਇੱਕੋ ਨਾਅਰਾ ਸੀ : 'ਅਸੀਂ ਸਥਾਨਕ ਹਾਂ, ਸਾਨੂੰ ਰਾਜ ਕਰਨਾ ਚਾਹੀਦਾ ਹੈ, ਦਿੱਲੀ ਦੂਰ ਹੈ।'

ਮੰਡਲੀਕਰਨ ਨੇ ਖੇਤਰਵਾਦ ਨੂੰ ਹੋਰ ਹੱਲਾਸ਼ੇਰੀ ਦਿੱਤੀ ਅਤੇ ਇਸ ਤੋਂ ਬਾਅਦ 'ਮੇਡ ਇਨ ਇੰਡੀਆ ਨੇਤਾਵਾਂ' ਮਾਇਆਵਤੀ, ਮੁਲਾਇਮ, ਲਾਲੂ ਪ੍ਰਸਾਦ ਨੇ ਇਸ ਨੂੰ ਹੋਰ ਹਵਾ ਦਿੱਤੀ। ਅੱਜ ਕੱਲ੍ਹ ਵੋਟਰ ਕੇਂਦਰੀ ਪਾਰਟੀਆਂ ਨੂੰ ਪਸੰਦ ਨਹੀਂ ਕਰਦੇ। ਉਹ ਆਪਣੀ ਬਰਾਦਰੀ ਨੂੰ ਪਸੰਦ ਕਰਦੇ ਹਨ। ਭਾਰਤ 'ਚ ਸਿਰਫ ਜਾਤਾਂ ਅਤੇ ਉਪ ਜਾਤਾਂ ਹੀ ਨਹੀਂ, ਸਗੋਂ ਸਾਨੂੰ ਬਿਹਾਰੀ, ਹਰਿਆਣਵੀ, ਉੱਤਰ ਪ੍ਰਦੇਸ਼ ਦਾ ਭਈਆ, ਮਦਰਾਸੀ ਆਦਿ ਦੀਆਂ ਸਮੱਸਿਆਵਾਂ ਨਾਲ ਨਜਿੱਠਣਾ ਪੈਂਦਾ ਹੈ। ਸਾਡੇ ਦੇਸ਼ ਵਿੱਚ ਭਾਸ਼ਾ, ਖਾਣ-ਪੀਣ, ਰੀਤੀ-ਰਿਵਾਜ ਵੱਖ-ਵੱਖ ਹਨ ਅਤੇ ਸਾਡੀ ਖੇਤਰੀ ਵੰਨ-ਸੁਵੰਨਤਾ ਦੀ ਵਰਤੋਂ ਵੱਖ-ਵੱਖ ਭਾਈਚਾਰਿਆਂ ਨੂੰ ਇੱਕ ਦੂਜੇ ਦੇ ਵਿਰੁੱਧ ਖੜ੍ਹਾ ਕਰਨ ਲਈ ਕੀਤੀ ਗਈ।

ਇਸ ਦੀ ਮਿਸਾਲ ਇਹ ਹੈ ਕਿ ਉਤਰ-ਭਾਰਤੀ ਲੋਕ ਮਦਰਾਸੀਆਂ ਤੇ ਉਨ੍ਹਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਪਸੰਦ ਨਹੀਂ ਕਰਦੇ। ਬੰਗਾਲੀ ਖੁਦ ਨੂੰ ਬੁੱਧੀਜੀਵੀ ਸਮਝਦੇ ਹਨ ਤਾਂ ਬਿਹਾਰੀ ਲੋਕਾਂ ਤੋਂ ਆਈ ਏ ਐੱਸ ਬਣਨ ਦੀ ਉਮੀਦ ਕੀਤੀ ਜਾਂਦੀ ਹੈ। ਪੱਛਮ ਵਿੱਚ ਗੱਜੂ ਹਨ ਤਾਂ ਯੂ ਪੀ ਵਿੱਚ ਭਈਆ। ਇਸੇ ਕਾਰਨ ਲੋਕਾਂ ਵਿੱਚ ਮੱਤਭੇਦ ਵਧਦੇ ਜਾਂਦੇ ਹਨ ਅਤੇ ਸਥਾਨਕ ਲੋਕ ਬਾਹਰਲੇ ਲੋਕਾਂ ਨਾਲ ਵਿਤਕਰਾ ਕਰਦੇ ਹਨ।

ਬਿਨਾਂ ਸ਼ੱਕ ਦੇਸ਼ ਦੇ ਨਾਗਰਿਕਾਂ ਨੂੰ ਸਮੁੱਚੇ ਦੇਸ਼ ਵਿੱਚ ਰੋਜ਼ਗਾਰ ਦੇ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ। ਸਮੱਸਿਆ ਉਦੋਂ ਖੜ੍ਹੀ ਹੁੰਦੀ ਹੈ, ਜਦੋਂ ਸਥਾਨਕ ਲੋਕ ਆਪਣਾ ਹਿੱਸਾ ਮੰਗਦੇ ਹਨ। ਇਹ ਕੁਝ ਹੱਦ ਤੱਕ ਸਹੀ ਹੈ ਕਿਉਂਕਿ ਬਾਹਰਲੇ ਸੂਬਿਆਂ ਦੇ ਲੋਕ ਕਿਸੇ ਹੋਰ ਸੂਬੇ 'ਚ ਛੋਟੀ-ਮੋਟੀ ਨੌਕਰੀ ਲਈ ਅਪਲਾਈ ਕਿਉਂ ਕਰਦੇ ਹਨ। ਜੇ ਸਵੀਪਰ ਜਾਂ ਹੈਲਪਰ ਦੀ ਨੌਕਰੀ ਵੀ ਬਾਹਰਲੇ ਲੋਕਾਂ ਨੂੰ ਦਿੱਤੀ ਜਾਣ ਲੱਗ ਪਈ ਤਾਂ ਸਥਾਨਕ ਲੋਕ ਕਿੱਥੇ ਜਾਣਗੇ? ਕੀ ਉਹ ਅੱਤਵਾਦੀ ਬਣਨ, ਬੰਦੂਕਾਂ ਚੁੱਕਣ? ਕੀ ਇਸ ਨਾਲ ਕੌਮੀ ਏਕਤਾ ਮਜ਼ਬੂਤ ਹੋਵੇਗੀ? ਜੋ ਸੂਬੇ ਅੱਤਵਾਦ ਤੋਂ ਪੀੜਤ ਹਨ, ਉਨ੍ਹਾਂ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਬੇਰੋਜ਼ਗਾਰ ਸਥਾਨਕ ਨੌਜਵਾਨ ਅੱਤਵਾਦੀ ਸੰਗਠਨਾਂ 'ਚ ਸ਼ਾਮਲ ਹੋ ਰਹੇ ਹਨ ਕਿਉਂਕਿ ਉਨ੍ਹਾਂ ਦਾ ਰੋਜ਼ਗਾਰ ਬਾਹਰਲੇ ਲੋਕ ਖੋਹ ਰਹੇ ਹਨ। ਕਸ਼ਮੀਰ ਤੇ ਉੱਤਰ-ਪੂਰਬੀ ਸੂਬੇ ਇਸ ਦੀ ਮਿਸਾਲ ਹਨ।

ਪਿਛਲੇ ਸਾਲਾਂ ਵਿੱਚ ਸਾਡੇ ਨੇਤਾਵਾਂ ਨੇ ਖੇਤਰਵਾਦ ਨੂੰ ਸ਼ਹਿ ਦਿੱਤੀ ਹੈ। ਉਨ੍ਹਾਂ ਨੇ ਖੇਤਰਵਾਦ ਨੂੰ ਕੌਮੀ ਏਕਤਾ ਤੋਂ ਵੀ ਵੱਧ ਅਹਿਮੀਅਤ ਦਿੱਤੀ। ਆਦਰਸ਼ ਸਥਿਤੀ ਇਹ ਹੈ ਕਿ ਹਰ ਭਾਰਤੀ ਨੂੰ ਦੇਸ਼ ਦੇ ਹਰ ਹਿੱਸੇ ਵਿੱਚ ਰਹਿਣ ਦਾ ਅਧਿਕਾਰ ਹੈ ਤੇ ਉਹ ਉਥੇ ਰਹਿ ਕੇ ਆਪਣੀ ਰੋਜ਼ੀ ਕਮਾ ਸਕਦਾ ਹੈ। ਅਸੀਂ ਅਜਿਹੇ ਭਾਰਤ ਦੀ ਕਲਪਨਾ ਕਰਦੇ ਹਾਂ, ਜੋ ਬਰਾਬਰੀ 'ਚ ਯਕੀਨ ਕਰੇ ਅਤੇ ਸਾਰੇ ਵਰਗਾਂ, ਜਾਤਾਂ ਤੇ ਭਾਈਚਾਰਿਆਂ ਨੂੰ ਬਰਾਬਰ ਮੌਕੇ ਦੇਵੇ। ਸਾਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਪਵੇਗੀ ਕਿ ਭਾਰਤ ਰਾਜਾਂ ਦੀ ਯੂਨੀਅਨ ਹੈ ਅਤੇ ਬਾਹਰੀ ਮੁੱਦੇ ਦਾ ਨਿਪਟਾਰਾ ਹੋਣਾ ਚਾਹੀਦਾ ਹੈ, ਨਹੀਂ ਤਾਂ ਖੇਤਰਵਾਦ ਦੇਸ਼ ਨੂੰ ਵੰਡ ਦੇਵੇਗਾ। ਕਿਸੇ ਭਾਈਚਾਰੇ ਜਾਂ ਖੇਤਰੀ ਲੋਕਾਂ ਵਿਰੁੱਧ ਹਿੰਸਾ ਦੇ ਮਾਮਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ। ਦੇਸ਼ ਵਿੱਚ ਇੱਕ ਕਠੋਰ ਰੰਗ-ਭੇਦ ਵਿਰੋਧੀ ਕਾਨੂੰਨ ਹੋਣਾ ਚਾਹੀਦਾ ਹੈ ਅਤੇ ਹਰ ਤਰ੍ਹਾਂ ਦੇ ਵਿਤਕਰੇ, ਹਮਲੇ, ਧਮਕੀਆਂ ਆਦਿ ਦੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ।

ਕਾਨੂੰਨ ਮੰਤਰਾਲੇ ਨੂੰ ਆਪਣੇ ਘਰਾਂ ਤੋਂ ਦੂਰ ਰਹਿੰਦੇ ਖੇਤਰੀ ਘੱਟਗਿਣਤੀਆਂ ਵਿਰੁੱਧ ਹੁੰਦੀ ਹਿੰਸਾ ਦੇ ਵਿਰੁੱਧ ਸਖਤ ਕਾਨੂੰਨ ਬਣਾਉਣਾ ਚਾਹੀਦਾ ਹੈ। ਖੇਤਰੀ ਅਸਹਿਣਸ਼ੀਲਤਾ ਨੂੰ ਬਿਲਕੁਲ ਵੀ ਸਹਿਣ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਇਸ ਬਾਰੇ ਸਪੱਸ਼ਟ ਸੰਦੇਸ਼ ਦਿੱਤਾ ਜਾਣਾ ਚਾਹੀਦਾ ਹੈ ਕਿ ਸਾਨੂੰ ਗੋਰਾ, ਕਾਲਾ, ਹਿੰਦੂ, ਮੁਸਲਿਮ, ਮਦਰਾਸੀ, ਪੰਜਾਬੀ ਆਦਿ ਦੇ ਡਰ ਤੋਂ ਉਪਰ ਉਠਣਾ ਪਵੇਗਾ।

# Marijuana legalization vs Punjabis



By : Surjit Singh flora
647-829-9397

Marijuana legalization is being imposed for pleasure in Canada from October 17, and Justin Trudeau's government is very happy that they have fulfilled a major election promise. Trudeau and his ministers have touted this as having delivered on a great election promise, having accorded it more priority and importance than, for instance, balancing the budget. But there's still much that can slip 'twixt the cup and the lip.

Trudeau's Transportation Department is warning Canadians not to take marijuana with them when they go abroad, because foreign governments can charge them, but they are also saying that they are in full swing on Canada's Domestic Flights. You can keep 30 grams of marijuana. The Americans meanwhile are bearing in mind that they will not even allow Canadian druggies to enter their country. The US will also put permanently on their blacklist those people who are buying shares in Canadian pot companies, in hopes of becoming wealthy overnight.

Those who buy marijuana through their credit cards are also at risk: their cards will be blacklisted if they reach US hands. Even those who have pictures of marijuana plants on their Facebook pages will not be able to escape from US border security, because Americans will check all incoming folks' mobile phones and social media accounts. It seems the marijuana air traveller will be facing many troubles ahead. Even mere suspicion will be enough for US border guards to put them on the blacklist, and they will not be able to go to America ever again throughout their lives.

In the Sikh community, there are a number of people who are worried about what pot legalization will mean within the community. Several Canadians have argued that alcohol, which is deemed a deadlier drug than marijuana, is legal. But many of our commu nity members point out that's no reason to make all bad things legal. Certainly, the increasing drug abuse in Punjab has led to the biggest problems for some families, but pot is now acceptable in Canada.

On a practical note, it would have been useful if Trudeau's advisors had urged him to add a line in the NAFTA talks to allow Canadians take marijuana with them while travelling to America. In the new USMCA trade agreement, all Trudeau has really managed to do is rile up our dairy farmers, who he's busy trying to placate with more multi-billion dollar bribes.

Domestically, after pot becomes legal from October 17, Canada's roads will become more dangerous because, according to a recent report, there'll be more motorists on the road driving high. According to a survey by the Canadian Automobile Association in Ontario, 31% of regular users think they drive well while high, while another 19% think they drive even better than they do normally, while stoned. In another opinion poll of 1,000 people, 39% said that they are more concerned today about road safety, while another 38% admitted to some level of concern.

Come October 17, Canadians will be able to keep up to 30 grams of marijuana in their personal possession and police will not be able to touch them. To ascertain the right weight, it is said the police forces will be given small scales to measure weed. But the police today do not even bother to come for a small accident or theft, so how much time they will devote to weigh weed is debatable. Canadians will also be able to grow up to four weed plants in their homes or gardens. They will be able to reap up to 30 grams of these plants at any given time in their personal possession. If there are two adults at home, then 60 grams can be kept.

But who will weigh the four weed plants in the garden or inside the house pot? The weight of four green marijuana bushes can be as much as 8 kg. The question also arises: Who will measure the weight of the growing plants inside the homes or in the backyards? And who will measure the weight of the burden society may well have to bear as the cost of this social experiment? Certainly, the example that has been set by drug addiction in Punjab has not been good.

Avro Transport Inc.


Owner Operator/Single Drives
& Team Drivers ਦੀ ਲੋੜ ਹੈ

Toronto to Montreal, Midwest & USA

Brand New Truck's Available

For Owner Operator:- $1.55
*Plates + Insurance + Tolls will be paid by Company

For Drivers:- $0.58 + $0.02
*Safety Bonus
For Team Drivers:- $0.70



ਜਿਆਦਾ ਜਾਣਕਾਰੀ ਲਈ
ਸੰਪਰਕ ਕਰੋ:-
Ph: 416-896-1313

FIRST CHOICE FINANCIAL LIMITED
TRUCK LOANS

ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8

Avtar Singh Tiwana
Sales Rep.




FOR SALE
$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।



FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੂਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

Photo Not Available
FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



FOR SALE
$859,900
Bramalea/Sandalwood
4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ



# ਖ਼ਬਰਾਂ ਪੰਜਾਬ ਦੀਆਂ

### ਅਮਰਿੰਦਰ ਸਿੰਘ ਨੇ ਕਿਹਾ:

## ਬਾਦਲਾਂ ਨੂੰ ਪੰਜਾਬ ਸਰਕਾਰ ਵੱਲੋਂ ਪੂਰਨ ਸੁਰੱਖਿਆ ਦਿੱਤੀ ਜਾਏਗੀ



ਮੁਹਾਲੀ, 16 ਅਕਤੂਬਰ (ਪੋਸਟ ਬਿਊਰੋ)- ਬਾਦਲ ਪਿਤਾ-ਪੁੱਤਰ ਦੀ ਜਾਨ ਨੂੰ ਵਧ ਰਹੇ ਖ਼ਤਰੇ ਕਾਰਨ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਪੂਰਨ ਸੁਰੱਖਿਆ ਦਿੱਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਸੈਕਟਰ-68 ਵਿਖੇ 1.25 ਏਕੜ ਵਿੱਚ 31.29 ਕਰੋੜ ਦੀ ਲਾਗਤ ਨਾਲ ਬਣਾਏ ਵਿਜੀਲੈਂਸ ਭਵਨ ਦਾ ਉਦਘਾਟਨ ਕਰਨ ਤੋਂ ਬਾਅਦ ਅੱਜ ਮੀਡੀਆ ਨਾਲ ਗੱਲਬਾਤ ਦੌਰਾਨ ਕੀਤਾ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਇਕ ਸਵਾਲ ਦੇ ਜਵਾਬ ਵਿੱਚ ਆਖਿਆ ਕਿ ਉਹ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਜਾਨ ਨੂੰ ਖ਼ਤਰੇ ਬਾਰੇ ਆਈਆਂ ਰਿਪੋਰਟਾਂ ਤੋਂ ਵਾਕਿਫ ਹਨ ਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇਗਾ ਕਿ ਦੋਵਾਂ ਨੂੰ ਪੂਰੀ ਸੁਰੱਖਿਆ ਦਿੱਤੀ ਜਾਵੇ।

ਪੱਤਰਕਾਰਾਂ ਵੱਲੋਂ ਪੁੱਛੇ ਇਕ ਸਵਾਲ ਦਾ ਜਵਾਬ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਦੀ ਉਲੰਘਣਾ ਕਰ ਕੇ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਕੇਸ ਦਰਜ ਕੀਤੇ ਗਏ ਹਨ। ਉਨ੍ਹਾ ਕਿਹਾ ਕਿ ਉਨ੍ਹਾਂ ਨੂੰ ਕਿਸਾਨਾਂ ਨਾਲ ਹਮਦਰਦੀ ਹੈ, ਪਰ ਉਨ੍ਹਾਂ ਦੀ ਸਰਕਾਰ ਕਾਨੂੰਨ ਦੇ ਘੇਰੇ ਤੋਂ ਬਾਹਰ ਨਹੀਂ ਜਾ ਸਕਦੀ।

ਆਪਣੀਆਂ ਮੰਗਾਂ ਲਈ ਧਰਨੇ ਦੇ ਰਹੇ ਅਧਿਆਪਕਾਂ ਸਬੰਧੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਵੱਲੋਂ ਗਵਰਨਰ ਨੂੰ ਵੱਖ-ਵੱਖ ਮੰਗ ਪੱਤਰ ਦੇਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਮਸਲੇ ਦੇ ਹੱਲ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਟੀਚਰਾਂ ਸਣੇ 40 ਹਜ਼ਾਰ ਦੇ ਕਰੀਬ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣੀਆਂ ਹਨ, ਪਰ ਸਰਕਾਰ ਦੇ ਸਾਹਮਣੇ ਵਿੱਤੀ ਸੰਕਟ ਕਾਰਨ ਇਸ ਨੂੰ ਸਮਾਂ ਲੱਗ ਸਕਦਾ ਹੈ। ਇਸ ਦੌਰਾਨ ਸਰਕਾਰ ਨੇ ਟੀਚਰਾਂ ਲਈ ਦੋਵੇਂ ਰਾਹ ਖੁੱਲ੍ਹੇ ਰੱਖੇ ਹਨ ਕਿ ਜਾਂ ਉਹ ਆਪਣੇ ਮੌਜੂਦਾ ਸਕੇਲ ਉਤੇ ਕੰਮ ਕਰਦੇ ਰਹਿਣ ਜਾਂ ਰੈਗੂਲਰ ਸੇਵਾਵਾਂ ਦੀ ਨੀਤੀ ਹੇਠ ਤਿੰਨ ਸਾਲ ਲਈ 15,300 ਰੁਪਏ ਦੀ ਮੁੱਢਲੀ ਤਨਖ਼ਾਹ 'ਤੇ ਜੁਆਇਨ ਕਰ ਲੈਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਜਿਸ ਸਕੇਲ ਦੀ ਪੇਸ਼ਕਸ਼ ਕੀਤੀ ਹੈ, ਉਹ ਕੇਂਦਰ ਦੇ ਮੌਜੂਦਾ ਸਕੇਲ 13,900 ਤੋਂ ਵੱਧ ਹੈ, ਫੈਸਲਾ ਅਧਿਆਪਕਾਂ ਨੇ ਖੁਦ ਹੀ ਲੈਣਾ ਹੈ ਕਿ ਉਨ੍ਹਾਂ ਨੇ ਕਿਸ ਦੀ ਚੋਣ ਕਰਨੀ ਹੈ।

## ਪੰਜਾਬ ਵਿੱਚ 6 ਸਾਲਾਂ ਵਿੱਚ 16,606 ਕਿਸਾਨ ਖੁਦਕੁਸ਼ੀ ਕਰ ਗਏ

ਜਲੰਧਰ, 16 ਅਕਤੂਬਰ (ਪੋਸਟ ਬਿਊਰੋ)- ਪੰਜਾਬ 'ਚ ਸੱਤਾ ਸੰਭਾਲਣ ਮਗਰੋਂ ਕਾਂਗਰਸ ਸਰਕਾਰ ਕਿਸਾਨਾਂ ਨੂੰ ਕਰਜੇ ਤੋਂ ਛੁਟਕਾਰਾ ਦਿਵਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਇਸ ਦੇ ਬਾਵਜੂਦ ਵੀ ਕਿਸਾਨਾਂ ਵਲੋਂ ਖੁਦਕੁਸ਼ੀਆਂ ਦਾ ਸਿਲਸਿਲਾ ਜਾਰੀ ਹੈ। ਪੰਜਾਬ ਸਰਕਾਰ ਨੇ 3 ਯੂਨੀਵਰਸਿਟੀਆਂ ਦੀ ਮਦਦ ਨਾਲ ਡੋਰ-ਟੂ-ਡੋਰ ਸਰਵੇ ਕਰਵਾਇਆ ਹੈ ਤੇ ਸਾਲ 2010 ਤੋਂ 2016 ਤਕ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਅੰਕੜੇ ਜੁਟਾਏ ਹਨ। ਇਸ ਸਰਵੇ ਮੁਤਾਬਕ ਪਿਛਲੇ 6 ਸਾਲਾਂ ਵਿੱਚ 16,606 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਇਸ ਸਰਵੇ ਮੁਤਾਬਕ ਇਨ੍ਹਾਂ 87 ਫੀਸਦੀ ਅਜਿਹੇ ਕਿਸਾਨ ਖੁਦਕੁਸ਼ੀ ਕਰ ਗਏ ਸਨ, ਜਿਨ੍ਹਾਂ ਨੇ ਖੇਤੀ ਲਈ ਬੈਂਕਾਂ ਤੋਂ ਕਰਜਾ ਲਿਆ ਸੀ। ਖੁਦਕੁਸ਼ੀ ਕਰਨ ਵਾਲਿਆਂ ਵਿੱਚ 76 ਫੀਸਦੀ ਛੋਟੇ ਕਿਸਾਨ ਸਨ, ਜਿਨ੍ਹਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਸੀ। ਮ੍ਰਿਤਕਾਂ 'ਚ ਖੇਤੀ ਵਾਲੇ ਮਜ਼ਦੂਰ ਵੀ ਸਨ, ਜਿਨ੍ਹਾਂ ਕੋਲ ਕੋਈ ਜ਼ਮੀਨ ਹੀ ਨਹੀਂ ਸੀ।



ਇਸ ਸਰਵੇ ਮੁਤਾਬਕ ਪੰਜਾਬ ਦੇ ਕਿਸਾਨ ਆਪਣਾ ਜੀਵਨ ਬਿਤਾਉਣ ਲਈ ਸਖ਼ਤ ਮਿਹਨਤ ਕਰਦੇ ਹਨ। ਬਹੁਤੇ ਕਿਸਾਨਾਂ ਕੋਲ ਜ਼ਮੀਨ ਘੱਟ ਹੈ ਅਤੇ ਇਸ ਤੋਂ ਪਸ਼ੂਆਂ ਲਈ ਚਾਰਾ ਅਤੇ ਆਪਣੇ ਲਈ ਅਨਾਜ ਵੀ ਉਗਾਉਂਦੇ ਹਨ। ਪੰਜਾਬ 'ਚ ਕਿਸਾਨ ਪਸ਼ੂਆਂ ਦਾ ਦੁੱਧ ਵੇਚ ਕੇ ਆਮਦਨੀ ਇੱਕਠੀ ਕਰਦੇ ਹਨ। ਕਰਜਿਆਂ 'ਚ ਫਸੇ ਪਰਿਵਾਰਾਂ ਦੀ ਹਾਲਤ ਪੰਜਾਬ 'ਚ ਅਜਿਹੀ ਹੈ ਕਿ ਉਨ੍ਹਾਂ ਦੇ ਬੱਚੇ ਠੀਕ ਤਰ੍ਹਾਂ ਪੜ੍ਹਾਈ ਨਹੀਂ ਕਰ ਪਾ ਰਹੇ ਅਤੇ ਕਰਜਾ ਸਿਰ 'ਤੇ ਹੋਣ ਕਰਕੇ ਅਜਿਹੇ ਪਰਿਵਾਰਾਂ ਦੀਆਂ ਧੀਆਂ ਨੂੰ ਰਿਸ਼ਤੇ ਮਿਲਣੇ ਵੀ ਆਸਾਨ ਨਹੀਂ।

ਸਾਲ 2015 ਵਿੱਚ ਪੰਜਾਬ ਸਰਕਾਰ ਨੇ ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਪਰਿਵਾਰ ਨੂੰ 3 ਲੱਖ ਰੁਪਏ ਦੀ ਰਕਮ ਮੁਆਵਜੇ 'ਚ ਦੇਣ ਦੀ ਨੀਤੀ ਬਣਾਈ ਹੈ, ਜਿਸ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 5 ਲੱਖ ਰੁਪਏ ਕਰ ਦਿੱਤਾ ਹੈ। ਇਸ ਨਾਲ ਕਿਸਾਨਾਂ ਨੂੰ ਕੋਈ ਖਾਸ ਰਾਹਤ ਨਹੀਂ ਮਿਲੀ। ਖੇਤੀ ਕਰਜੇ 'ਚ ਫਸੇ ਕਿਸਾਨ ਅੱਗੋਂ ਖੇਤੀ ਹੀ ਨਹੀਂ ਕਰਨਾ ਚਾਹੁੰਦੇ। ਉਹ ਆਪਣੇ ਬੱਚਿਆਂ ਨੂੰ ਖੇਤੀ ਨਾ ਕਰਨ ਦੀ ਸਲਾਹ ਦੇਣ ਲੱਗੇ ਹਨ। ਖੇਤੀ ਤੋਂ ਆਮਦਨੀ ਨਾ ਹੋਣ ਕਾਰਨ ਉਹ ਆਪਣੇ ਬੱਚਿਆਂ ਨੂੰ ਨੌਕਰੀ ਲੱਭਣ ਦੀ ਸਲਾਹ ਦਿੰਦੇ ਹਨ। ਖੇਤੀ ਕਰਨ ਨਾਲ ਜਿਥੇ ਖਰਚੇ ਵਧਦੇ ਜਾਂਦੇ ਹਨ, ਉਥੇ ਹੀ ਜਦੋਂ ਕੋਈ ਰਸਤਾ ਨਹੀਂ ਬਚਦਾ ਤਾਂ ਕਿਸਾਨ ਕਰਜੇ ਤੋਂ ਪਰੇਸ਼ਾਨ ਹੋ ਕੇ ਖੁਦਕੁਸ਼ੀਆਂ ਕਰ ਲੈਂਦੇ ਹਨ।

## ਬਿਸ਼ਪ ਫਰੈਂਕੋ ਨੂੰ ਨੰਨ ਰੇਪ ਕੇਸ ਤੋਂ ਜ਼ਮਾਨਤ ਮਿਲੀ, ਕੇਰਲ ਵਿੱਚ ਦਾਖਲੇ ਉਤੇ ਰੋਕ ਲੱਗੀ

ਜਲੰਧਰ, 16 ਅਕਤੂਬਰ (ਪੋਸਟ ਬਿਊਰੋ)- ਈਸਾਈ ਸਾਧਵੀ (ਨੰਨ) ਨਾਲ ਬਲਾਤਕਾਰ ਦੇ ਦੋਸ਼ੀ ਰੋਮਨ ਕੈਥੋਲਿਕ ਬਿਸ਼ਪ ਫਰੈਂਕੋ ਮੁਲੱਕਲ ਨੂੰ ਕੇਰਲ ਹਾਈ ਕੋਰਟ ਨੇ ਕੱਲ੍ਹ ਜ਼ਮਾਨਤ ਦੇ ਦਿੱਤੀ ਹੈ, ਪਰ ਕੋਰਟ ਨੇ ਉਸ ਦੇ ਕੇਰਲ ਵਿੱਚ ਦਾਖਲ ਹੋਣ 'ਤੇ ਰੋਗ ਲਾ ਦਿੱਤੀ ਹੈ। ਫਿਰ ਵੀ ਉਨ੍ਹਾਂ ਨੂੰ ਹਰ ਦੂਸਰੇ ਸਨੀਵਾਰ ਜਾਂਚ ਅਧਿਕਾਰੀ ਸਾਹਮਣੇ ਪੇਸ਼ੀ ਲਈ ਉਸ ਰਾਜ ਵਿੱਚ ਆਉਣ ਦੀ ਛੋਟ ਹੋਵੇਗੀ। ਉਨ੍ਹਾਂ ਨੂੰ ਆਪਣਾ ਪਾਸਪੋਰਟ ਵੀ ਕੋਰਟ ਵਿੱਚ ਜਮ੍ਹਾ ਕਰਾਉਣਾ ਹੋਵੇਗਾ। ਜ਼ਮਾਨਤ ਦੀਆਂ ਇਹ ਸ਼ਰਤਾਂ ਚਾਰਜਸ਼ੀਟ ਦਾਖਲ ਹੋਣ ਤੱਕ ਲਾਗੂ ਰਹਿਣਗੀਆਂ। ਬਿਸ਼ਪ ਫਰੈਂਕੋ ਮੁਲੱਕਲ ਨੂੰ 21 ਸਤੰਬਰ ਨੂੰ ਜਲੰਧਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਹਾਈ ਕੋਰਟ ਨੇ ਤਿੰਨ ਅਕਤੂਬਰ ਨੂੰ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਸੀ। ਸਰਕਾਰੀ ਪੱਖ ਨੇ ਦਲੀਲ ਦਿੱਤੀ ਸੀ ਕਿ ਜ਼ਮਾਨਤ ਮਿਲਣ ਉਤੇ ਉਚ ਅਹੁਦੇ ਦਾ ਫਾਇਦਾ ਉਠਾ ਕੇ ਉਹ ਗਵਾਹਾਂ ਨੂੰ ਪ੍ਰਭਾਵਤ ਕਰ ਸਕਦੇ ਹਨ। ਇਸ ਦੇ ਬਾਅਦ ਮੁਲੱਕਲ ਨੇ ਹਾਈ ਕੋਰਟ ਵਿੱਚ ਨਵੀਂ ਪਟੀਸ਼ਨ ਦਾਇਰ ਕਰ ਕੇ ਕਿਹਾ ਕਿ ਉਹ ਅੱਜ ਕੱਲ੍ਹ ਜਲੰਧਰ ਡਾਇਸਸ ਦੇ ਬਿਸ਼ਪ ਨਹੀਂ ਹਨ, ਇਸ ਲਈ ਗਵਾਹਾਂ ਨੂੰ ਪ੍ਰਭਾਵਤ ਨਹੀਂ ਕਰ ਸਕਦੇ। ਗਵਾਹਾਂ ਨੂੰ 24 ਘੰਟੇ ਸੁਰੱਖਿਆ ਵੀ ਦਿੱਤੀ ਜਾ ਰਹੀ ਹੈ। ਕੋਟਾਯਮ ਜ਼ਿਲ੍ਹੇ ਦੀ ਪਾਲਾ ਸਬ ਜੇਲ੍ਹ ਵਿੱਚ ਬੰਦ ਬਿਸ਼ਪ ਨੇ ਖਰਾਬ ਸਿਹਤ ਦਾ ਵੀ ਹਵਾਲਾ ਦਿੱਤਾ ਹੈ।



ਵਰਨਣ ਯੋਗ ਹੈ ਕਿ ਨੰਨ ਨੇ ਦੋਸ਼ ਲਾਇਆ ਸੀ ਕਿ ਬਿਸ਼ਪ ਨੇ ਸਾਲ 2014 ਤੋਂ 2016 ਦੌਰਾਨ ਕਈ ਵਾਰ ਉਸ ਨਾਲ ਬਲਾਤਕਾਰ ਕੀਤਾ। ਮਾਮਲਾ ਜ਼ੋਰ ਫੜਨ ਪਿੱਛੋਂ ਬਿਸ਼ਪ ਨੇ ਆਪਣੇ ਬਚਾਅ ਵਿੱਚ ਕਈ ਤਰਕ ਦਿੱਤੇ। ਉਨ੍ਹਾਂ ਨੇ ਇਥੋਂ ਤੱਕ ਕਿਹਾ ਕਿ ਉਨ੍ਹਾਂ ਤੋਂ ਬਦਲਾ ਲੈਣ ਦੇ ਲਈ ਇਹ ਸ਼ਿਕਾਇਤ ਕੀਤੀ ਗਈ ਹੈ।

## ਅਕਾਲੀ ਦਲ ਅਪਣੀ ਦੁਰਗਤ ਹੋਣ ਦਾ ਖ਼ੁਦ ਜ਼ਿੰਮੇਵਾਰ

ਤਰਨ ਤਾਰਨ, 16 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੀ ਰਾਜਨੀਤੀ ਵਿਚ ਮਾਝੇ ਦੇ ਜਰਨੈਲ ਵਜੋ ਜਾਣੇ ਜਾਂਦੇ ਰਹੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਸਿਆਸੀ ਵਾਰਸ ਅਤੇ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਦਾ ਕਹਿਣਾ ਹੈ ਕਿ ਜੇ ਕਿਸੇ ਅਖਬਾਰ ਜਾਂ ਚੈਨਲ ਨਾਲ ਮਤਭੇਦ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਉਸ ਦੇ ਜਨਤਕ ਬਾਈਕਾਟ ਦਾ ਸੱਦਾ ਦੇ ਦਿਉ। ਤੁਸੀਂ ਪਹਿਲਾਂ ਆਪ ਬਾਈਕਾਟ ਦੇ ਸੱਦੇ ਦਿੰਦੇ ਹੋ ਤੇ ਫਿਰ ਖੁਦ ਘਰ ਜਾ ਕੇ ਸਭ ਤੋਂ ਪਹਿਲਾਂ ਉਹੀ ਅਖਬਾਰ ਅਤੇ ਚੈਨਲ ਦੇਖਦੇ ਹੋ। ਬ੍ਰਹਮਪੁਰਾ ਨੇ ਕਿਹਾ ਕਿ ਪ੍ਰੈਸ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਤੇ ਇਸ ਦੇ ਨਾਲ ਵਿਚਾਰ ਨਾ ਮਿਲਣ ਦਾ ਮਤਲਬ ਬਾਈਕਾਟ ਨਹੀਂ ਹੋ ਸਕਦਾ।



ਇਸ ਮੌਕੇ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਅਕਾਲੀ ਦਲ ਆਪਣੀ ਦੁਰਗਤੀ ਦਾ ਖੁਦ ਜ਼ਿੰਮੇਵਾਰ ਹੈ। ਸਮਾਂ ਰਹਿੰਦਿਆਂ ਜੇ ਉਨ੍ਹਾਂ ਦੀ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੰਦੀ ਤਾਂ ਅੱਜ ਅਕਾਲੀ ਦਲ ਨੂੰ ਇਹ ਦਿਨ ਨਾ ਦੇਖਣੇ ਪੈਂਦੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਦੋਸ਼ੀਆਂ ਨਾਲ ਸਖਤੀ ਨਾਲ ਪੇਸ਼ ਆਵੇ, ਪਰ ਉਸ ਨੇ ਪ੍ਰਵਾਹ ਨਹੀਂ ਸੀ ਕੀਤੀ। ਉਨ੍ਹਾਂ ਕਿਹਾ ਕਿ ਪਹਿਲਾਂ ਅਕਾਲ ਤਖ਼ਤ ਸਾਹਿਬ ਤੋਂ ਡੇਰਾ ਮੁਖੀ ਨੂੰ ਬਿਨਾ ਮੰਗੇ, ਬਿਨਾ ਆਇਆਂ ਮੁਆਫੀ ਦੇ ਦਿਤੀ, ਫਿਰ ਮੁਆਫੀ ਵਾਪਸ ਲੈ ਲਈ, ਜਿਸ ਦਾ ਨੁਕਸਾਨ ਅਕਾਲੀ ਦਲ ਨੂੰ ਵਿਧਾਨ ਸਭਾ ਚੋਣਾਂ ਵਿਚ ਭੁਗਤਣਾ ਪਿਆ। ਉਨ੍ਹਾ ਕਿਹਾ ਕਿ ਮਾਝੇ ਵਾਲਿਆਂ ਦੀ ਅਣਖ ਤੇ ਗ਼ੈਰਤ ਬਾਕੀ ਹੈ ਤੇ ਸਾਡੇ ਲਈ ਪੰਥ ਪਹਿਲਾਂ ਤੇ ਸਰਕਾਰ ਬਾਅਦ ਵਿਚ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਅਕਾਲੀ ਦਲ ਪਾਰਟੀ ਵਿਚ ਆਈਆਂ ਊਣਤਾਈਆਂ ਤੇ ਵਿਚਾਰ ਕਰੇ ਤੇ ਪੰਥ ਵਾਲੀ ਸੋਚ ਅਪਣਾਏ, ਇਸ ਤੋਂ ਬਾਅਦ ਹੀ ਅਕਾਲੀ ਦਲ ਅਗੇ ਵਧ ਸਕੇਗਾ।

## ਰਾਮ ਰਹੀਮ ਨੇ ਨਿਪੁੰਸਕ ਕੇਸ ਰੱਦ ਕਰਨ ਦੀ ਮੰਗ ਚੁੱਕੀ

ਚੰਡੀਗੜ੍ਹ, 16 ਅਕਤੂਬਰ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ 'ਚ ਡੇਰਾ ਮੁਖੀ ਰਾਮ ਰਹੀਮ ਨੇ ਅਰਜ਼ੀ ਦਾਖਲ ਕਰਕੇ ਇਸ ਕੇਸ ਦੀ ਐਫ ਆਈ ਆਰ ਰੱਦ ਕਰਨ ਦੀ ਮੰਗ ਕੀਤੀ ਹੈ। ਹਾਈ ਕੋਰਟ ਨੇ ਸੀ ਬੀ ਆਈ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਡੇਰਾ ਮੁਖੀ ਨੇ ਅਰਜ਼ੀ ਵਿੱਚ ਕਿਹਾ ਹੈ ਕਿ ਸੀ ਬੀ ਆਈ ਨੇ ਇਸ ਮਾਮਲੇ ਵਿੱਚ 128 ਗਵਾਹਾਂ ਦੇ ਬਿਆਨ ਦਿਵਾਏ ਸਨ, ਪਰ ਚਲਾਣ ਪੇਸ਼ ਕਰਨ ਵਾਲੇ 122 ਗਵਾਹਾਂ ਦੇ ਬਿਆਨ ਹੀ ਪੇਸ਼ ਕੀਤੇ ਹਨ। ਇਸ ਨੂੰ ਵੱਡੀ ਗੜਬੜੀ ਦੱਸਦਿਆਂ ਐਫ ਆਈ ਆਰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਹੰਸ ਰਾਜ ਚੌਹਾਨ ਨਾਂਅ ਦੇ ਇਕ ਪੈਰੋਕਾਰ ਨੇ ਪਟੀਸ਼ਨ ਦਾਖਲ ਕੀਤੀ ਸੀ।

## ਪੰਜਾਬ ਵਿਚ ਆਏ ਸਾਰੇ ਕਸ਼ਮੀਰੀ ਵਿਦਿਆਰਥੀਆਂ ਦੀ ਪੁਲਸ ਜਾਂਚ ਸ਼ੁਰੂ

ਜਲੰਧਰ, 16 ਅਕਤੂਬਰ (ਪੋਸਟ ਬਿਊਰੋ)- ਗੜਬੜ ਵਾਲੇ ਜੰਮੂ ਕਸ਼ਮੀਰ ਰਾਜ ਤੋਂ ਵੱਡੀ ਗਿਣਤੀ ਵਿੱਚ ਲੋਕ ਸਾਜ਼ਗਾਰ ਅਤੇ ਵਿੱਦਿਅਕ ਮਾਹੌਲ ਵਿੱਚ ਪੜ੍ਹਾਈ ਵਾਸਤੇ ਆਪਣੇ ਬੱਚੇ ਪੰਜਾਬ ਵਿੱਚ ਭੇਜ ਰਹੇ ਹਨ ਤੇ ਇਸ ਵੇਲੇ ਰਾਜ ਦੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ 10 ਹਜ਼ਾਰ ਦੇ ਕਰੀਬ ਕਸ਼ਮੀਰੀ ਵਿਦਿਆਰਥੀ ਦਾਖਲ ਦੱਸੇ ਜਾਂਦੇ ਹਨ। ਇਨ੍ਹਾਂ ਦੀ ਕੁੱਲ ਗਿਣਤੀ ਪਹਿਲਾਂ ਕਦੇ ਕਿਸੇ ਨੇ ਨਹੀਂ ਕੀਤੀ, ਪਰ ਅੱਜ ਕੱਲ੍ਹ ਪੁਲਸ ਵੱਲੋਂ ਇਸ ਦੇ ਅੰਕੜੇ ਇਕੱਤਰ ਕੀਤੇ ਜਾ ਰਹੇ ਹਨ। ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ 'ਚ ਦਾਖਲ ਵਿਦਿਆਰਥੀਆਂ ਦੀ ਬਾਰੀਕੀ ਵਿੱਚ ਜਾਂਚ ਕਰਨ ਲਈ ਸਾਰੇ ਜ਼ਿਲਿਆਂ ਦੇ ਅਧਿਕਾਰੀਆਂ ਨੂੰ ਤੁਰੰਤ ਵੇਰਵੇ ਇਕ-ਤਰ ਕਰਨ ਲਈ ਕਿਹਾ ਗਿਆ ਹੈ ਅਤੇ ਵੱਖ-ਵੱਖ ਜ਼ਿਲਿਆਂ ਵਿੱਚ ਪੁਲਸ ਵੱਲੋਂ ਜੰਗੀ ਪੱਧਰ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਸੰਬੰਧ ਵਿੱਚ ਪੁਲਸ ਅਧਿਕਾਰੀਆਂ ਤੇ ਕੁਝ ਕਸ਼ਮੀਰੀ ਵਿਦਿਆਰਥੀਆਂ ਨਾਲ ਗੱਲਬਾਤ ਤੋਂ ਪਤਾ ਲੱਗਾ ਹੈ ਕਿ ਹਰ ਕਸ਼ਮੀਰੀ ਵਿਦਿਆਰਥੀ ਦਾ ਨਾਂਅ, ਪਿਤਾ ਅਤੇ ਮਾਤਾ ਦਾ ਨਾਂਅ, ਜੰਮੂ ਕਸ਼ਮੀਰ ਵਿੱਚ ਪਤਾ ਤੇ ਥਾਣਾ, ਮਾਤਾ ਪਿਤਾ ਦੀ ਫੋਟੋ, ਆਧਾਰ ਕਾਰਡ, ਦਾਖਲਾ ਦੇਣ ਵਾਲੀ ਸੰਸਥਾ ਦਾ ਨਾਂਅ ਅਤੇ ਪੰਜਾਬ ਦਾ ਰਿਹਾਇਸ਼ੀ ਪਤਾ, ਸਭ ਕੁਝ ਦਾ ਵੇਰਵਾ ਹਰ ਵਿਦਿਆਰਥੀ ਨੂੰ ਦਿੱਤੇ ਜਾਣ ਵਾਲੇ ਪ੍ਰੋਫਾਰਮੇ ਵਿੱਚ ਦਰਜ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹਰ ਵਿਦਿਆਰਥੀ ਨੂੰ ਆਪਣੇ ਜੰਮੂ ਕਸ਼ਮੀਰ ਵਿਚਲੇ ਥਾਣੇ ਤੋਂ ਤਸਦੀਕ ਕਰਵਾ ਕੇ ਲਿਆਉਣ ਨੂੰ ਕਿਹਾ ਜਾ ਰਿਹਾ ਹੈ ਕਿ ਉਸ ਦੇ ਖਿਲਾਫ ਕੋਈ ਕੇਸ ਦਰਜ ਨਹੀਂ ਤੇ ਉਹ ਕਿਸੇ ਭਾਰਤ ਵਿਰੋਧੀ ਸਰਗਰਮੀ ਵਿੱਚ ਸ਼ਾਮਲ ਨਹੀਂ ਹੈ।

ਵਰਨਣ ਯੋਗ ਹੈ ਕਿ ਬੀਤੀ 10 ਅਕਤੂਬਰ ਨੂੰ ਇਕ ਵਿੱਦਿਅਕ ਸੰਸਥਾ ਤੋਂ ਤਿੰਨ ਵਿਦਿਆਰਥੀਆਂ ਨੂੰ ਜਲੰਧਰ ਪੁਲਸ ਨੇ ਅਸਲੇ ਤੇ ਵਿਸਫੋਟਕ ਸਮੱਗਰੀ ਨਾਲ ਗ੍ਰਿਫਤਾਰ ਕੀਤਾ ਸੀ। ਉਸ ਤੋਂ ਬਾਅਦ ਇਕ ਹੋਰ ਨੌਜਵਾਨ ਨੂੰ ਪੁਲਸ ਕਸ਼ਮੀਰ ਤੋਂ ਗ੍ਰਿਫਤਾਰ ਕਰਕੇ ਲਿਆਈ ਸੀ। ਇਹ ਮਾਮਲਾ ਏਨਾ ਉਛਲਿਆ ਕਿ ਪੰਜਾਬ ਪੜ੍ਹਨ ਆਉਂਦੇ ਹਰ ਕਸ਼ਮੀਰੀ ਵਿਦਿਆਰਥੀ ਨੂੰ ਹੀ ਸ਼ੱਕੀ ਨਿਗ੍ਹਾ ਨਾਲ ਦੇਖਿਆ ਜਾਣ ਲੱਗ ਪਿਆ ਹੈ। ਪੁਲਸ ਅਧਿਕਾਰੀ ਇਹ ਆਖ ਰਹੇ ਹਨ ਕਿ ਹਰ ਕਸ਼ਮੀਰੀ ਵਿਦਿਆਰਥੀ ਨੂੰ ਸ਼ੱਕ ਦੀ ਨਿਗ੍ਹਾ ਨਾਲ ਨਾ ਦੇਖਿਆ ਜਾਵੇ, ਪਰ ਪੁਲਸ ਕਾਰਵਾਈ ਨਾਲ ਅਜਿਹਾ ਮਾਹੌਲ ਬਣ ਗਿਆ ਹੈ। ਵਿਦਿਆਰਥੀਆਂ ਦੇ ਮਾਪੇ ਵੀ ਨਵੀਂ ਆਫਤ ਕਾਰਨ ਬੇਹੱਦ ਚਿੰਤਾ 'ਚ ਦੱਸੇ


ਮੰਨ ਪਸੰਦ ਦੀ Kitchen and Washroom ਬਣਵਾਓ

**Pearson**
Kitchen & Cabinet

Free Estimate
We Specialize in granite, quartz & marble countertops

We Specialize In:

100% Satisfaction On Time





- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor


ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ


Call Vikramjit Sangha: 416-200-0931


Special Discount for Contractors | Buy Direct From The Factory


271 - Glidden Rd. Unit#5, Brampton (Kennedy&Glidden)

Condo Townhouse for sale.







ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਊਨ ਹਾਊਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com

Century 21 President Realty Inc. Brokerage*

Looking For a Nest..? Call the Best

UPPAL LAW

FREE CONSULTATION !







IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA

LOOKING FOR LONG/SHORT HAULS

Hiring Team Drivers & Single drivers
DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com



# ਮੰਦਰ, ਮਸਜਿਦ ਮਗਰੋਂ ਰਾਹੁਲ ਗਾਂਧੀ ਗੁਰਦੁਆਰੇ ਵੀ ਜਾ ਪਹੁੰਚੇ

ਗਵਾਲੀਅਰ, 16 ਅਕਤੂਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਚੋਣ ਮੈਦਾਨ ਵਿਚ ਖ਼ੁਦ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਕੁੱਦ ਪਏ ਹਨ। ਉਹ ਲਗਾਤਾਰ ਰੈਲੀਆਂ ਤੇ ਰੋਡ ਸ਼ੋਅ ਕਰ ਰਹੇ ਹਨ। ਪਿਛਲੇ ਲੰਮੇ ਸਮੇਂ ਤੋਂ ਚੱਲ ਰਹੀ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਦੀ ਪਿਰਤ ਪੂਰੀ ਕਰਨ ਤੋਂ ਰਾਹੁਲ ਇਸ ਵਾਰ ਵੀ ਨਹੀਂ ਖੁੰਝੇ।



ਕੱਲ੍ਹ ਰਾਹੁਲ ਗਾਂਧੀ ਨੇ ਇੱਕ ਮੰਦਰ ਵਿਚ ਪੂਜਾ ਅਤੇ ਮਸਜਿਦ ਵਿੱਚ ਸਿੱਜਦਾ ਕੀਤਾ ਸੀ ਅਤੇ ਅੱਜ ਰਾਹੁਲ ਗਾਂਧੀ ਗਵਾਲੀਅਰ ਦੇ ਇਤਿਹਾਸਕ ਗੁਰ-ਦੁਆਰਾ ਬੰਦੀਛੋੜ ਸਾਹਿਬ ਵਿਚ ਵੀ ਨਤਮਸਤਕ ਹੋਣ ਗਏ। ਉਹ ਇਥੇ ਤਕਰੀਬਨ 10 ਮਿੰਟ ਰਹੇ। ਇੱਥੇ ਰਾਹੁਲ ਗਾਂਧੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਜਪਾ ਨੇ ਰਾਹੁਲ ਗਾਂਧੀ ਉੱਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਘੱਟ ਗਿਣਤੀਆਂ ਲਈ ਸਿਆਸਤ ਕਰਨ ਵਾਲੇ ਰਾਹੁਲ ਗਾਂਧੀ ਨੂੰ ਚੋਣਾਂ ਸਮੇਂ ਹੀ ਮੰਦਰਾਂ ਦੀ ਯਾਦ ਆਉਂਦੀ ਹੈ। ਰਾਹੁਲ ਨੇ ਭਾਜਪਾ ਦੇ ਇਨ੍ਹਾਂ ਬਿਆਨਾਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਉਹ ਸਾਲਾਂ ਤੋਂ ਮੰਦਰ, ਗੁਰਦੁਆਰੇ ਤੇ ਮਸਜਿਦ ਜਾ ਰਹੇ ਹਨ। ਉਨ੍ਹਾਂ ਸਭਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਝੂਠੇ ਵਾਅਦੇ ਨਹੀਂ ਕਰਦਾ, ਮੈਂ ਚੌਕੀਦਾਰ ਵਾਂਘ ਨਹੀਂ ਕਹਾਂਗਾ ਕਿ ਖਾਤੇ ’ਚ 15 ਲੱਖ ਰੁਪਏ ਆਉਣਗੇ। ਮੈਂ ਕਹਿੰਦਾ ਹਾਂ ਕਿ ਮੱਧ ਪ੍ਰਦੇਸ਼ ਵਿਚ ਸਰਕਾਰ ਬਣਦੇ ਸਾਰ ਕਿਸਾਨਾਂ ਦਾ ਕਰਜ਼ਾ ਮੁਆਫ਼ ਹੋਵੇਗਾ, ਸਾਡੀ ਸਰਕਾਰ ਦਾ ਮੁੱਖ ਮੰਤਰੀ 18 ਘੰਟੇ ਨੌਜਵਾਨ ਨੂੰ ਰੁਜ਼ਗਾਰ ਦੇਣ ਲਈ ਕੰਮ ਕਰੇਗਾ ਤੇ ਕਿਸਾਨਾਂ ਦੇ ਖੇਤਾਂ ਕੋਲ ਫੂਡ ਪ੍ਰੋਸੈਸਿੰਗ ਪਲਾਂਟ ਲਗਾਏ ਜਾਣਗੇ। ਇਸ ਤਰ੍ਹਾਂ ਉਸ ਨੇ ਕੁਝ ਹੋਰ ਐਲਾਨ ਵੀ ਕੀਤੇ।

# ਟਰੰਪ ਨੂੰ ਪੇਂਟਿੰਗ ਵਿੱਚ ਰਿਪਬਲਿਕਨ ਰਾਸ਼ਟਪਤੀਆਂ ਨਾਲ ਬਾਰ ’ਚ ਬੈਠਾ ਦਿਖਾਉਣ ਤੋਂ ਬਖੇੜਾ

ਨਵੀਂ ਦਿੱਲੀ, 16 ਅਕਤੂਬਰ (ਪੋਸਟ ਬਿਊਰੋ)- ਸਾਲਾਂ, ਦਹਾਕਿਆਂ ਤੇ ਏਥੋਂ ਤੱਕ ਕਿ ਸਦੀਆਂ ਪਹਿਲਾਂ ਦੇ ਕੰਜ਼ਰਵੇਟਿਵ ਅਮਰੀਕੀ ਨੇਤਾਵਾਂ ਨਾਲ ਇਕ ਵਾਰ ਫਿਰ ਬਾਰ ਵਿਚ, ਉਹ ਵੀ ਇਕੋ ਟੇਬਲ ਤੇ ਖੁਸ਼ਨੁਮਾ ਮਾਹੌਲ ਵਿਚ ਗੱਲਬਾਤ ਕਰਦੇ ਨਜ਼ਰ ਪੈਣਾ ਕਿਸੇ ਰਿਪਬਲਕਿਨ ਰਾਸ਼ਟਰਪਤੀ ਦੀ ਕਲਪਨਾ ਹੋ ਸਕਦੀ ਹੈ, ਪਰ ਵ੍ਹਾਈਟ ਹਾਊਸ ਵਿਚ ਲਗੀ ਇਕ ਪੇਂਟਿੰਗ ਵਿਚ ਰਾਸ਼ਟਰਪਤੀ ਟਰੰਪ ਸਾਬਕਾ ਰਿਪ-ਬਲਿਕਨ ਰਾਸ਼ਟਰਪਤੀਆਂ ਨਾਲ ਕੁਝ ਇਸ ਤਰ੍ਹਾਂ ਨਜ਼ਰ ਆਏ ਹਨ।



ਬੀਤੇ ਹਫਤੇ ਇਸ ਦਾ ਖੁਲਾਸਾ ਹੋਣ ਤੋਂ ਬਾਅਦ ਸੋਸ਼ਲ ਮੀਡੀਆ ਉਤੇ ਇਸ ਗੱਲ ਦਾ ਬਵਾਲ ਮੱਚ ਗਿਆ। ਇਸ ਉੱਤੇ ਟਰੰਪ ਦੇ ਆਲੋਚਕਾਂ ਨੇ ਕਿਹਾ ਕਿ ਇਹ ਦ੍ਰਿਸ਼ ਦੇਖਣ ਨੂੰ ਹਕੀਕਤ ਜਾਪਦਾ ਹੈ, ਜਿਸ ਤਰ੍ਹਾਂ ਐਤਵਾਰ ਨੂੰ ਦਿਖਾਈ ਗਈ ਅਪਣੀ ਇੰਟਰਵਿਊ ਦੌਰਾਨ ਟਰੰਪ ਨੇ ਕੁਝ ਦਾਅਵੇ ਕੀਤੇ ਸਨ। ਇਸ ਇੰਟਰਵਿਊ ਦੇ ਪਿਛੋਕੜ ਵਿਚ ਉਸ ਪੇਂਟਿੰਗ ਦੀ ਇਕ ਝਲਕ ਦੇਖੀ ਜਾ ਸਕਦੀ ਹੈ। ਬਿਲਕੁਲ ਟਰੰਪ ਦੀ ਤਰ੍ਹਾਂ ਨਜ਼ਰ ਆਉਂਦੇ ਚਿਹਰੇ ਦੇ ਕਲਾਕਾਰਾਂ ਨੂੰ ਬਹੁਤ ਕਠੋਰਤਾ ਅਤੇ ਉਲਟ ਰੂਪ ਵਿਚ ਦਰਸਾਇਆ ਗਿਆ ਹੈ। ਇਹ ਗੱਲ ਕਿਸੇ ਤੋਂ ਲੁਕੀ ਹੋਈ ਨਹੀਂ ਕਿ ਰਿਪਬਲਕਿਨ ਰਾਸ਼ਟਰਪਤੀ ਡੋਨਾਲਡ ਟਰੰਪ ਆਮ ਲੋਕਾਂ ਨੂੰ ਕਿਸ ਹੱਦ ਤਕ ਨਾਪੰਸਦ ਹਨ। ਐਂਡੀ ਥਾਮਸ ਦੀ ਇਕ ਪੇਂਟਿੰਗ ਦਿ ਰਿਪਬਲਕਿਨ ਕਲਬ ਵਿਚ ਟਰੰਪ ਨੂੰ ਅਬਰਾਹਮ ਲਿੰਕਨ, ਰਿਚਰਡ ਨਿਕਸਨ, ਰੋਨਾਲਡ ਰੀਗਨ, ਟੇਡੀ ਰੂਜ਼ਵੇਲਟ ਅਤੇ ਜਾਰਜ ਬੁਸ਼ ਵਰਗੇ ਅਮਰੀਕਾ ਦੇ ਪ੍ਰਸਿੱਧ ਨੇਤਾਵਾਂ ਨਾਲ ਬੈਠੇ ਦਿਖਾਇਆ ਗਿਆ ਹੈ। ਪੇਂਟਿੰਗ ਵਿਚ ਇਹ ਸਾਰੇ ਮਸ਼ਹੂਰ ਨੇਤਾ ਇਕ ਬਾਰ ਵਿਚ ਬਹੁਤ ਸੁਖਾਵੇਂ ਮਾਹੌਲ ਵਿਚ ਇਕੋ ਟੇਬਲ ਉਤੇ ਬੈਠੇ ਆਪੋ ਵਿਚ ਗੱਲਬਾਤ ਕਰਦੇ ਨਜ਼ਰ ਆ ਰਹੇ ਹਨ। ਇਸ ਕਾਲਪਨਿਕ ਚਿਤਰਕਾਰੀ ਦਾ ਸੋਸ਼ਲ ਮੀਡੀਆ ਤੇ ਖੂਬ ਮਜ਼ਾਕ ਉਡਾਇਆ ਜਾ ਰਿਹਾ ਹੈ।

# ਐਮ ਜੇ ਅਕਬਰ ਕੇਸ ਦੀ ਸੁਣਵਾਈ 18 ਅਕਤੂਬਰ ਤੱਕ ਟਲੀ

ਨਵੀਂ ਦਿੱਲੀ, 16 ਅਕਤੂਬਰ (ਪੋਸਟ ਬਿਊਰੋ)- ਭਾਰਤ ਵਿੱਚ ਚੱਲ ਰਹੀ ‘ਮੀ ਟੂ’ ਲਹਿਰ ਨੂੰ ਚੁਣੌਤੀ ਦਿੰਦੇ ਹੋਏ ਸੋਮਵਾਰ ਨੂੰ ਕੇਂਦਰੀ ਮੰਤਰੀ ਐੱਮ ਜੇ ਅਕਬਰ ਅਤੇ ਅਭਿਨੇਤਾ ਆਲੋਕ ਨਾਥ ਨੇ ਅਦਾਲਤ ਦਾ ਰੁਖ ਕਰਕੇ ਉਨ੍ਹਾਂ ਦੇ ਖਿਲਾਫ ਸੈਕਸ ਸ਼ੋਸ਼ਣ ਦਾ ਦੋਸ਼ ਲਾਉਣ ਵਾਲੀਆਂ ਔਰਤਾਂ ਖਿਲਾਫ ਮਾਣਹਾਨੀ ਦਾ ਕੇਸ ਦਰਜ ਕਰਾਇਆ ਸੀ। ਆਸ ਜਤਾਈ ਜਾ ਰਹੀ ਸੀ ਕਿ ਐੱਮ ਜੇ ਅਕਬਰ ਦੇ ਕੇਸ ’ਚ ਅੱਜ ਸੁਣਾਈ ਹੋ ਸਕਦੀ ਹੈ, ਪਰ ਇਹ ਸੁਣਵਾਈ ਟਲ ਗਈ ਹੈ। ਦਿੱਲੀ ਦੇ ਪਟਿਆਲਾ ਹਾਊਸ ਕੋਰਟ ਨੇ ਇਸ ਕੇਸ ’ਤੇ 18 ਅਕਤੂਬਰ ਨੂੰ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ। ਐੱਮ ਜੇ ਅਕਬਰ ਦੇ ਵਕੀਲ ਸੁਣਵਾਈ ਪਹਿਲਾਂ ਕਰਨ ਦੀ ਮੰਗ ਕਰ ਸਕਦੇ ਹਨ। ਅਕਬਰ ਨੇ ਪੱਤਰਕਾਰ ਪ੍ਰਿਯਾ ਰਮਾਨੀ ਦੇ ਖਿਲਾਫ ਫੌਜਦਾਰੀ ਮਾਣਹਾਨੀ ਦਾ ਕੇਸ ਦਰਜ ਕਰਾਇਆ ਹੈ।

ਦੂਸਰੇ ਪਾਸੇ ਅਭਿਨੇਤਾ ਆਲੋਕ ਨਾਥ ਨੇ ਮੁੰਬਈ ’ਚ ਲੇਖਕ-ਨਿਰਦੇਸ਼ਕ ਵਿੰਤਾ ਨੰਦਾ ਖਿਲਾਫ ਦੀਵਾਨੀ ਕੇਸ ਦਰਜ ਕਰਵਾਇਆ ਹੈ। ਦੋਵਾਂ ਔਰਤਾਂ ਨੇ ਇਸ ਨੂੰ ਦੋਵਾਂ ਵੱਲੋਂ ਅਪਣਾਈ ਗਈ ਨੀਤੀ ਨੂੰ ਧਮਕਾਉਣ ਵਾਲੀ ਕਰਾਰ ਦਿੱਤਾ ਹੈ। ਅਕਬਰ ਨੇ ਸੋਮਵਾਰ ਨੂੰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਵਿੱਚ ਪ੍ਰਿਯਾ ਰਮਾਨੀ ਦੇ ਖਿਲਾਫ ਭਾਰਤੀ ਦੰਡ ਕਾਨੂੰਨ ਦੀ ਧਾਰਾ 499 ਅਤੇ 500 ਹੇਠ ਅਪਰਾਧਿਕ ਮਾਣਹਾਲੀ ਦਾ ਮਾਮਲਾ ਦਰਜ ਕਰਵਾਇਆ ਹੈ। ਪ੍ਰਿਯਾ ਰਮਾਨੀ ਨੇ ਇਸ ਮਾਮਲੇ ’ਚ ਬਿਆਨ ਜਾਰੀ ਕਰਕੇ ਆਪਣੀ ਰਾਏ ਰੱਖੀ ਹੈ।

# ਗਲੋਬਲ ਹੰਗਰ ਇੰਡੈਕਸ ਵਿੱਚ ਭਾਰਤ 103ਵੇਂ ਥਾਂ ਡਿੱਗਾ


ਨਵੀਂ ਦਿੱਲੀ, 16 ਅਕਤੂਬਰ (ਪੋਸਟ ਬਿਊਰੋ)- ਗਲੋਬਲ ਹੰਗਰ ਇੰਡੈਕਸ ਵਿੱਚ ਭਾਰਤ ਨੂੰ 119 ਦੇਸ਼ਾਂ ਵਿੱਚੋਂ 103ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਜਰਮਨ ਸੰਸਥਾ ਵੈਲਟ ਹੰਗਰਹਿਲਫ ਐਂਡ ਕੰਸਰਨ ਵਰਲਡਵਾਈਡ ਵੱਲੋਂ ਜਾਰੀ ਰਿਪੋਰਟ ਵਿੱਚ ਭਾਰਤ ਨੂੰ ਉਨ੍ਹਾਂ 45 ਦੇਸ਼ਾਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ, ਜਿੱਥੇ ਭੁੱਖਮਰੀ ਦੀ ਸਥਿਤੀ ਗੰਭੀਰ ਹੈ।

ਮਿਲੀ ਜਾਣਕਾਰੀ ਅਨੁਸਾਰ ਗਲੋਬਲ ਹੰਗਰ ਇੰਡੈਕਸ ਦੀ ਸ਼ੁਰੂਆਤ 2006 ਵਿੱਚ ਕੀਤੀ ਗਈ ਸੀ। 2018 ਦਾ ਇੰਡੈਕਸ ਇਸ ਦਾ 13ਵਾਂ ਐਡੀਸ਼ਨ ਹੈ। ਇਸ ਵਿੱਚ ਪੋਸ਼ਣ ਦੀ ਕਮੀ ਤੇ ਬਾਲ ਮੌਤ ਦਰ ਸਮੇਤ ਚਾਰ ਮਾਪਦੰਡਾਂ 'ਤੇ ਦੇਸ਼ਾਂ ਦੀ ਰੈਂਕਿੰਗ ਕੀਤੀ ਗਈ ਹੈ। ਚੀਨ (25ਵਾਂ), ਨੇਪਾਲ (72ਵਾਂ), ਮਿਆਂਮਾਰ (68ਵਾਂ), ਸ੍ਰੀਲੰਕਾ (67ਵਾਂ) ਅਤੇ ਬੰਗਲਾ ਦੇਸ਼ (86ਵਾਂ) ਨੰਬਰ ਹੈ। ਗੁਆਂਢੀ ਦੇਸ਼ਾਂ ਦੀ ਤੁਲਨਾ ਵਿੱਚ ਭਾਰਤ ਦੀ ਸਥਿਤੀ ਖਰਾਬ ਹੈ। ਪਾਕਿਸਤਾਨ ਇਸ ਸੂਚੀ ਵਿੱਚ 106ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਰਿਪੋਰਟ ਮੁਤਾਬਕ ਦੱਖਣੀ ਏਸ਼ੀਆ ਅਤੇ ਸਹਾਰਾ ਦੇ ਦੱਖਣ ਵਿੱਚ ਵਸੇ ਅਫਰੀਕੀ ਦੇਸ਼ਾਂ ਵਿੱਚ ਸਥਿਤੀ ਵੱਧ ਗੰਭੀਰ ਹੈ। ਸੰਸਾਰ ਪੱਧਰ 'ਤੇ ਭੁੱਖਮਰੀ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ, ਪਰ ਇਸ ਵਿੱਚ ਇਕਰੂਪਤਾ ਨਹੀਂ ਹੈ। ਰਿਪੋਰਟ ਦੇ ਮੁਤਾਬਕ ਦੁਨੀਆ ਵਿੱਚ 12.4 ਕਰੋੜ ਲੋਕ ਬੇਹੱਦ ਭੁੱਖ ਦੀ ਪ੍ਰੇਸ਼ਾਨੀ ਨਾਲ ਜੂਝ ਰਹੇ ਹਨ। ਗਲੋਬਲ ਹੰਗਰ ਇੰਡੈਕਸ ਵਿੱਚ ਪਿਛੜਨ 'ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਿਆ ਹੈ।









# ਪਾਕਿਸਤਾਨ ਉਪ ਚੋਣਾਂ ਵਿਚ ਇਮਰਾਨ ਦੀ ਪਾਰਟੀ ਨੂੰ ਝਟਕਾ, ਨਵਾਜ਼ ਦੀ ਪਾਰਟੀ ਅੱਗੇ ਵਧੀ

ਇਸਲਾਮਾਬਾਦ, 16 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪਰਸੋਂ ਹੋਈਆਂ ਉਪ ਚੋਣਾਂ ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ ਨੂੰ ਝਟਕਾ ਲੱਗਾ ਹੈ, ਪਰ ਨੈਸ਼ਨਲ ਅਸੈਂਬਲੀ ਵਿੱਚ ਆਪਣੇ ਮੈਂਬਰਾਂ ਦੀ ਗਿਣਤੀ ਵਧਾ ਕੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪੀ ਐੱਮ ਐੱਲ (ਐੱਨ) ਦੀ ਅਗਵਾਈ ਵਾਲੇ ਵਿਰੋਧੀ ਗਠਜੋੜ ਨੇ ਪੰਜ ਹੋਰ ਪਾਰਲੀਮੈਂਟ ਸੀਟਾਂ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ।



ਪਾਕਿਸਤਾਨ ਵਿੱਚ ਇਸ ਐਤਵਾਰ ਨੂੰ ਪੰਜਾਬ ਵਿੱਚ ਨੈਸ਼ਨਲ ਅਸੈਂਬਲੀ ਦੀਆਂ ਨੌਂ ਸੀਟਾਂ, ਸਿੰਧ ਵਿੱਚ ਇੱਕ ਸੀਟ, ਖੈਬਰ ਪਖਤੂਨਖਵਾ ਦੀ ਇੱਕ ਸੀਟ ਲਈ ਅਤੇ 24 ਸੂਬਾਈ ਅਸੈਂਬਲੀ ਸੀਟਾਂ ਲਈ ਉਪ ਚੋਣਾਂ ਹੋਈਆਂ ਹਨ। ਇਨ੍ਹਾਂ 24 ਸੂਬਾਈ ਅਸੈਂਬਲੀ ਸੀਟਾਂ ਵਿੱਚੋਂ 11 ਸੀਟਾਂ ਪੰਜਾਬ ਵਿੱਚ, ਨੌਂ ਖੈਬਰ ਪਖਤੂਨਖਵਾ 'ਚ, ਦੋ ਸਿੰਧ ਅਤੇ ਦੋ ਬਲੋਚਿਸਤਾਨ ਵਿੱਚ ਹਨ। ਜਿਨ੍ਹਾਂ ਸੀਟਾਂ 'ਤੇ ਉਪ ਚੋਣਾਂ ਹੋਈਆਂ, ਉਨ੍ਹਾਂ ਵਿੱਚ ਜ਼ਿਆਦਾ ਸੀਟਾਂ ਅਜਿਹੀਆਂ ਹਨ, ਜਿਨ੍ਹਾਂ ਵਿੱਚ 25 ਜੁਲਾਈ ਨੂੰ ਹੋਈਆਂ ਆਮ ਚੋਣਾਂ ਵਿੱਚ ਇੱਕ ਤੋਂ ਵੱਧ ਸੀਟਾਂ ਦਰਜ ਕਰਵਾਉਣ ਵਾਲੇ ਉਮੀਦਵਾਰਾਂ ਨੇ ਬਾਅਦ ਵਿੱਚ ਅਸਤੀਫਾ ਦੇ ਦਿੱਤਾ ਸੀ। ਅਸਤੀਫਾ ਦੇਣ ਵਾਲਿਆਂ ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ ਵੀ ਸ਼ਾਮਲ ਹਨ, ਜਿਨ੍ਹਾਂ ਨੇ ਨੈਸ਼ਨਲ ਅਸੈਂਬਲੀ ਦੀਆਂ ਪੰਜ ਸੀਟਾਂ ਤੋਂ ਚੋਣ ਲੜੀ ਅਤੇ ਪੰਜਾਂ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ। ਉਪ ਚੋਣਾਂ ਵਿੱਚ ਇਮਰਾਨ ਦੀ ਪਾਰਟੀ ਉਨ੍ਹਾਂ ਵੱਲੋਂ ਛੱਡੀਆਂ ਗਈਆਂ ਸੀਟਾਂ ਉੱਤੇ ਹਾਰ ਗਈ। ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਦੱਸਿਆ ਕਿ ਪੀ ਐੱਮ ਐੱਲ (ਐੱਨ) ਅਤੇ ਪੀ ਟੀ ਆਈ ਨੇ ਨੈਸ਼ਨਲ ਅਸੈਂਬਲੀ ਵਿੱਚ ਚਾਰ-ਚਾਰ ਸੀਟਾਂ ਜਿੱਤੀਆਂ, ਜਦ ਕਿ ਪਾਕਿਸਤਾਨ ਮੁਸਲਿਮ ਲੀਗ-ਕਾਇਦ ਨੇ ਦੋ ਸੀਟਾਂ ਅਤੇ ਐੱਮ ਐੱਮ ਏ ਨੇ ਇੱਕ ਸੀਟ ਜਿੱਤੀ ਹੈ।

# ਮਾਈਕਰੋਸਾਫਟ ਦੇ ਕੋ-ਫਾਊਂਡਰ ਪਾਲ ਐਲਨ ਦਾ ਦੇਹਾਂਤ

ਵਾਸ਼ਿੰਗਟਨ, 16 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਸਿਆਟਲ ਸ਼ਹਿਰ 'ਚ ਮਾਈਕਰੋਸਾਫਟ ਦੇ ਕੋ-ਫਾਊਂਡਰ ਪਾਲ ਐਲਨ ਦਾ 65 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਕੈਂਸਰ ਸੀ। ਸਾਲ 1975 'ਚ ਉਨ੍ਹਾਂ ਨੇ ਬਿਲ ਗੇਟਸ ਨਾਲ ਮਿਲ ਕੇ ਮਾਈਕਰੋਸਾਫਟ ਦੀ ਨੀਂਹ ਰੱਖੀ ਸੀ।



ਐਲਨ ਦੀ ਭੈਣ ਜੂਡੀ ਨੇ ਕਿਹਾ, "ਮੇਰਾ ਭਰਾ ਹਰ ਪੱਧਰ 'ਤੇ ਇਕ ਖ਼ਾਸ ਸ਼ਖਸ ਸੀ। ਜ਼ਿਆਦਾਤਰ ਲੋਕ ਉਨ੍ਹਾਂ ਨੂੰ ਟੈਕਨਾਲੋਜਿਸਟ ਤੇ ਪਰਉਪਕਾਰੀ ਦੇ ਰੂਪ 'ਚ ਜਾਣਦੇ ਹਨ, ਪਰ ਸਾਡੇ ਲਈ ਉਹ ਇਕ ਬਿਹਤਰੀਨ ਭਰਾ, ਚਾਚਾ ਤੇ ਚੰਗੇ ਦੋਸਤ ਸਨ।" ਦੋ ਹਫ਼ਤੇ ਪਹਿਲਾਂ ਹੀ ਐਲਨ ਨੇ ਨਾਨ ਹੋਜਕਿਨ ਲਿਮਫੋਮਾ (ਇਕ ਤਰ੍ਹਾਂ ਦਾ ਕੈਂਸਰ) ਹੋਣ ਦੀ ਗੱਲ ਜਨਤਕ ਕੀਤੀ ਸੀ। ਨੌਂ ਸਾਲ ਪਹਿਲਾਂ ਵੀ ਉਨ੍ਹਾਂ ਨੇ ਇਸ ਦਾ ਇਲਾਜ ਕਰਾਇਆ ਸੀ, ਪਰ ਇਹ ਬਿਮਾਰੀ ਮੁੜ ਪਰਤ ਆਈ ਸੀ।

ਫੋਰਬਸ ਮੈਗਜ਼ੀਨ ਮੁਤਾਬਕ ਸਾਲ 1953 'ਚ ਸਿਆਟਲ 'ਚ ਜਨਮੇ ਐਲਨ ਦੁਨੀਆ ਦੇ 44ਵੇਂ ਸਭ ਤੋਂ ਅਮੀਰ ਵਿਅਕਤੀ ਸਨ। ਇਨ੍ਹਾਂ ਦੀ ਕੁਲ ਜਾਇਦਾਦ 2170 ਕਰੋੜ ਡਾਲਰ ਦੀ ਹੈ। ਐਲਨ ਦੀ ਮੌਤ ਉੱਤੇ ਦੁਖ ਪ੍ਰਗਟਾਉਂਦੇ ਹੋਏ ਮਾਈਕਰੋਸਾਫਟ ਦੇ ਸੀ ਈ ਓ ਸਤਿਆ ਨਡੇਲਾ ਨੇ ਕਿਹਾ ਕਿ ਸਾਡੀ ਕੰਪਨੀ 'ਚ ਅਤੇ ਦੇਸ਼ ਦੇ ਸਨਅਤੀ ਵਿਕਾਸ 'ਚ ਉਨ੍ਹਾਂ ਦਾ ਅਹਿਮ ਯੋਗਦਾਨ ਹੈ।

# ਬੈਲਜੀਅਮ ਚੋਣਾਂ ਵਿੱਚ ਪੰਜਾਬੀਆਂ ਦੇ ਹੱਥ ਨਿਰਾਸ਼ਾ ਲੱਗੀ

ਲੂਵਨ, 16 ਅਕਤੂਬਰ (ਪੋਸਟ ਬਿਊਰੋ)- ਪਰਸੋਂ ਬੈਲਜੀਅਮ ਵਿੱਚ ਪੰਚਾਇਤੀ ਅਤੇ ਕੌਂਸਲ ਦੇ ਨਾਲ ਸੂਬਾ ਪੱਧਰ ਲਈ ਚੋਣਾਂ ਹੋਈਆਂ, ਜਿਸ 'ਚ ਵੱਖ-ਵੱਖ ਸਿਆਸੀ ਪਾਰਟੀਆਂ ਨੇ ਵਿਦੇਸ਼ੀਆਂ ਦਾ ਲਾਹਾ ਲੈਣ ਲਈ ਪੰਜਾਬੀਆਂ ਨੂੰ ਵੀ ਟਿਕਟਾਂ ਦਿੱਤੀਆਂ ਸਨ। ਬੈਲਜੀਅਮ ਦੇ ਭਾਰੀ ਸਿੱਖ ਵਸੋਂ ਵਾਲੇ ਸ਼ਹਿਰ ਸੰਤਿਰੂਧਨ 'ਤੇ ਸਭ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਸਨ, ਜਿਨ੍ਹਾਂ ਦਾ ਲਾਹਾ ਸੀ ਡੀ ਐਂਡ ਵੀ ਪਾਰਟੀ ਆਪਣੀਆਂ ਦੋ ਸਹਿਯੋਗੀ ਪਾਰਟੀਆਂ ਨਾਲ ਮਿਲ ਕੇ ਲੈ ਗਈ, ਪਰ ਪੰਜਾਬੀ ਅਵਤਾਰ ਸਿੰਘ ਰਾਹੋਂ 425 ਵੋਟਾਂ ਅਤੇ ਨਵਦੀਪ ਕੌਰ 499 ਵੋਟਾਂ ਲੈ ਕੇ ਵੀ ਹਾਰ ਗਏ। ਸੀ ਡੀ ਐਂਡ ਵੀ ਪਾਰਟੀ ਦੇ ਲੋਕ ਜੇ ਚਲਾਕੀ ਵਾਲੀ ਸਿਆਸਤ ਨਾ ਖੇਡਦੀ ਤਾਂ ਅਵਤਾਰ ਸਿੰਘ ਰਾਹੋਂ ਦੀ ਜਿੱਤ ਯਕੀਨੀ ਸੀ।

ਦੂਜੇ ਪਾਸੇ ਜੇ ਸੰਤਿਰੂਧਨ 'ਚ ਪੰਜਾਬੀਆਂ ਦੀ ਇਕ ਦੂਜੇ ਉਤੇ ਦੂਸ਼ਣਬਾਜ਼ੀ ਅਤੇ ਜਾਤੀਵਾਦ ਕਾਫੀ ਭਾਰੀ ਰਿਹਾ, ਜਿਸ ਨਾਲ ਪ੍ਰੀਤੀ ਕੌਰ, ਜੋ ਐਸ ਪੀ ਏ ਦੀ ਟਿਕਟ 'ਤੇ ਚੋਣ ਲੜ ਰਹੀ ਸੀ, ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ, ਪਰ ਜੇ ਪ੍ਰੀਤੀ ਕੌਰ ਦੇ 2012 ਦੇ ਵੋਟਾਂ ਦਾ ਹਿਸਾਬ ਨਾਲ ਦੇਖਿਆ ਜਾਵੇ ਤਾਂ ਇਸ ਵਾਰ ਉਸ ਨੂੰ ਪਹਿਲਾਂ ਨਾਲੋਂ ਜ਼ਿਆਦਾ ਵੋਟਾਂ ਪਈਆਂ ਹਨ ਅਤੇ 1050 ਵੋਟਾਂ ਨਾਲ ਫੇਰ ਵੀ ਹਾਰ ਦੇਖਣੀ ਪਈ। ਇਸੇ ਤਰ੍ਹਾਂ ਨਿਊਕਿਰਕਨ ਦੇ ਰਣਜੀਤ ਸਿੰਘ ਨੂੰ 179 ਵੋਟਾਂ, ਰਘਵੀਰ ਸਿੰਘ ਹੁਪਰਤਿਗਨ 142, ਸੰਜੇ ਕੁਮਾਰ ਹਾਸਲਟ ਅਤੇ ਦਸ਼ਮਿੰਦਰ ਸਿੰਘ ਭੋਗਲ ਜੇਤੇ ਬਰੱਸਲਜ ਤੋਂ ਚੰਦ ਵੋਟਾਂ ਲੈ ਕੇ ਹਾਰ ਗਏ।

# ਪ੍ਰਿੰਸ ਹੈਰੀ ਤੇ ਮਾਰਕਲੇ ਜਲਦੀ ਹੀ ਮੰਮੀ-ਪਾਪਾ ਬਣਨਗੇ

ਲੰਡਨ, 16 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਰਾਜਕੁਮਾਰ ਪ੍ਰਿੰਸ ਹੈਰੀ ਅਤੇ ਮੇਗਨ ਮਾਰਕਲੇ ਦੇ ਸ਼ੁੱਭਚਿੰਤਕਾਂ ਨੂੰ ਕੱਲ੍ਹ ਸ਼ਾਹੀ ਮਹੱਲ ਨੇ ਚੰਗੀ ਖਬਰ ਦਿੰਦਿਆਂ ਐਲਾਨ ਕੀਤਾ ਕਿ ਦੋਵੇਂ ਜਲਦੀ ਮੰਮੀ-ਪਾਪਾ ਬਣਨ ਜਾ ਰਹੇ ਹਨ ਅਤੇ ਸ਼ਾਹੀ ਮਹੱਲ 'ਚ ਇਕ ਵਾਰ ਫਿਰ ਕਿਲਕਾਰੀਆਂ ਗੂੰਜਣਗੀਆਂ। ਇਹ ਜਾਣਕਾਰੀ ਉਸ ਵੇਲੇ ਸਾਂਝੀ ਕੀਤੀ ਗਈ ਹੈ, ਜਦੋਂ ਇਹ ਸ਼ਾਹੀ ਜੋੜਾ 37 ਸਾਲਾ ਮੇਗਨ ਮਾਰਕਲੇ ਤੇ 34 ਸਾਲਾ ਪ੍ਰਿੰਸ ਹੈਰੀ ਸਿਡਨੀ ਪਹੁੰਚੇ ਹਨ, ਜਿਥੇ ਉਹ ਆਸਟਰੇਲੀਆ ਅਤੇ ਨਿਊਜ਼ੀਲੈਂਡ ਦਾ 16 ਦਿਨਾਂ ਦੌਰਾ ਕਰ ਰਹੇ ਹਨ।



ਕਿੰਗਸਟਨ ਪੈਲੇਸ ਨੇ ਕਿਹਾ ਹੈ ਕਿ ਪੰਜ ਮਹੀਨੇ ਪਹਿਲਾਂ ਇਨ੍ਹਾਂ ਦੋਵਾਂ ਦਾ ਵਿਆਹ ਹੋਇਆ ਸੀ, ਅਸੀਂ ਇਸ ਵੇਲੇ ਇਹ ਖੁਸ਼ਖਬਰੀ ਲੋਕਾਂ ਨਾਲ ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ। ਵਰਨਣ ਯੋਗ ਹੈ ਕਿ ਸ਼ਾਹੀ ਪਰਵਾਰ ਦਾ ਇਹ ਬੱਚਾ ਬ੍ਰਿਟੇਨ ਦੇ ਤਖਤ ਦਾ 17ਵਾਂ ਦਾਅਵੇਦਾਰ ਹੋਵੇਗਾ। ਇਸ ਖੁਸ਼ਖਬਰੀ ਬਾਰੇ ਮਹਾਰਾਣੀ ਐਲਿਜ਼ਾਬੈਥ ਅਤੇ ਸ਼ਾਹੀ ਪਰਵਾਰ ਦੇ ਹੋਰ ਮੈਂਬਰਾਂ ਨੂੰ ਬੀਤੇ ਦਿਨੀਂ ਦੱਸ ਦਿੱਤਾ ਗਿਆ ਸੀ, ਜਦੋਂ ਸ਼ਾਹੀ ਪਰਵਾਰ ਰਾਜਕੁਮਾਰੀ ਯੂਜੀਨੀ ਦੇ ਵਿਆਹ 'ਚ ਵਿੰਡਸਰ ਕੈਸਲ ਪਹੁੰਚਿਆ ਸੀ। ਖਬਰਾਂ ਅਨੁਸਾਰ ਮੇਗਨ 12 ਹਫਤਿਆਂ ਦੀ ਗਰਭਵਤੀ ਹੈ। ਦੱਸਣ ਯੋਗ ਹੈ ਕਿ ਹੈਰੀ ਦੇ ਮਾਤਾ ਪਿਤਾ, ਪ੍ਰਿੰਸ ਚਾਰਲਸ ਤੇ ਰਾਜਕੁਮਾਰੀ ਡਿਆਨਾ ਨੇ ਵੀ ਵਿਆਹ ਤੋਂ ਬਾਅਦ ਪਹਿਲਾ ਸਰਕਾਰੀ ਦੌਰਾ ਆਸਟਰੇਲੀਆ ਅਤੇ ਨਿਊਜ਼ੀਲੈਂਡ ਦਾ ਹੀ ਕੀਤਾ ਸੀ।

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
